Employment Development Department
State of California

# ਤੁਹਾਡੇ

# ਲਾਭ ਲਈ:

## ਬੇਰੁਜ਼ਗਾਰਾਂ ਲਈ ਕੈਲੀਫੋਰਨੀਆ ਦੇ ਪ੍ਰੋਗਰਾਮ

ਬੇਰੁਜ਼ਗਾਰੀ ਬੀਮਾ

ਵਿਕਲਾਂਗ ਬੀਮਾ

ਪੇਡ ਫੈਮਿਲੀ ਲੀਵ

ਵਰਕਫੋਰਸ ਸਰਵੀਸਿਜ

DE 2320/P Rev. 65 (12-20) **(INTERNET)** ਕਵਰ + 19 ਪੰਨੇ CU

# ਤੁਹਾਡੇ ਲਾਭ ਲਈ: ਬੇਰੁਜ਼ਗਾਰਾਂ ਲਈ ਕੈਲੀਫੋਰਨੀਆ ਦੇ ਪ੍ਰੋਗਰਾਮ

ਇਹ ਪ੍ਰਕਾਸ਼ਨ ਕੈਲੀਫੋਰਨੀਆ ਦੇ ਬੇਰੁਜ਼ਗਾਰ ਨਿਵਾਸੀਆਂ ਲਈ ਰੁਜ਼ਗਾਰ ਵਿਕਾਸ ਵਿਭਾਗ (EDD) ਦੁਆਰਾ ਪੇਸ਼ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ। ਇਹ ਸਿਰਫ਼ ਸਧਾਰਨ ਜਾਣਕਾਰੀ ਹੈ ਅਤੇ ਇਹ ਕੋਈ ਕਨੂੰਨੀ ਦਸਤਾਵੇਜ਼ ਨਹੀਂ ਹੈ।

ਔਨਲਾਈਨ EDD Online (edd.ca.gov) 'ਤੇ ਜਾ ਕੇ ਵਾਧੂ ਜਾਣਕਾਰੀ ਉਪਲਬਧ ਹੈ।


ਬੇਰੁਜ਼ਗਾਰੀ ਬੀਮਾ (UI) .......... 2

UI ਲਾਭ ਉਨ੍ਹਾਂ ਕਰਮਚਾਰੀਆਂ ਨੂੰ ਪਾਰਸ਼ਲ ਵੇਜ ਰਿਪਲੇਸਮੈਂਟਪ੍ਰਦਾਨ ਕਰਦੇ ਹਨ ਜੋ ਬਿਨਾਂ ਕਿਸੇ ਗ਼ਲਤੀ ਤੋਂ ਬੇਰੁਜ਼ਗਾਰ ਹਨ।

ਰਾਜ ਵਿਕਲਾਂਗ ਬੀਮਾ (SDI) .......... 12

ਵਿਕਲਾਂਗ ਬੀਮਾ (DI) SDI ਦਾ ਭਾਗ ਹੈ ਅਤੇ ਉਨ੍ਹਾਂ ਕਰਮਚਾਰੀਆਂ ਨੂੰ ਪਾਰਸ਼ਲ ਵੇਜ ਰਿਪਲੇਸਮੈਂਟ ਲਾਭ ਪ੍ਰਦਾਨ ਕਰਦਾ ਹੈ ਜੋ ਕੰਮ ਤੋਂ ਇਲਾਵਾ ਕਿਸੇ ਹੋਰ ਬਿਮਾਰੀ ਜਾਂ ਸੱਟ, ਗਰਭਾਵਸਥਾ, ਜਾਂ ਬੱਚੇ ਦੇ ਜਨਮ ਕਾਰਨ ਕੰਮ ਕਰਨ ਵਿੱਚ ਅਸਮਰੱਥ ਹਨ।

ਪੇਡ ਫੈਮਿਲੀ ਲੀਵ (PFL) .......... 13

PFL SDI ਦਾ ਹਿੱਸਾ ਹੈ ਅਤੇ ਉਨ੍ਹਾਂ ਕਰਮਚਾਰੀਆਂ ਨੂੰ ਪਾਰਸ਼ਲ ਵੇਜ ਰਿਪਲੇਸਮੈਂਟ ਲਾਭ ਪ੍ਰਦਾਨ ਕਰਦਾ ਹੈ ਜਿਨ੍ਹਾਂ ਨੂੰ ਗੰਭੀਰ ਰੂਪ ਵਿੱਚ ਬਿਮਾਰ ਪਰਿਵਾਰਕ ਮੈਂਬਰ ਦੀ ਦੇਖਭਾਲ ਲਈ, ਇੱਕ ਨਵੇਂ ਬੱਚੇ ਨਾਲ ਸੰਬੰਧ ਬਣਾਉਣ, ਜਾਂ ਯੋਗ ਮਿਲਟਰੀ ਘਟਨਾ ਦੌਰਾਨ ਪਰਿਵਾਰ ਦੇ ਕਿਸੇ ਮੈਂਬਰ ਦੀ ਸਹਾਇਤਾ ਕਰਨ ਲਈ ਸਮਾਂ ਚਾਹੀਦਾ ਹੈ।

ਵਰਕਫੋਰਸ ਸਰਵੀਸਿਜ਼ .......... 13

EDD ਦੀ ਵਰਕਫੋਰਸ ਸਰਵੀਸਿਜ਼ ਬ੍ਰਾਂਚ ਨੌਕਰੀ ਲੱਭਣ ਵਾਲਿਆਂ ਅਤੇ ਰੁਜ਼ਗਾਰਦਾਤਿਆਂ ਲਈ ਰੁਜ਼ਗਾਰ ਸੇਵਾਵਾਂ ਦੀ ਇੱਕ ਸ਼੍ਰੇਣੀ ਪ੍ਰਦਾਨ ਕਰਦੀ ਹੈ।

ਮਦਦ ਕਿਵੇਂ ਪ੍ਰਾਪਤ ਕਰੀਏ .......... 18

# ਬੇਰੁਜ਼ਗਾਰੀ ਬੀਮਾ (UI)

UI ਦਾ ਭੁਗਤਾਨ ਤੁਹਾਡੇ ਰੁਜ਼ਗਾਰਦਾਤਾ ਦੁਆਰਾ ਕੀਤਾ ਜਾਂਦਾ ਹੈ ਅਤੇ ਜਦੋਂ ਤੁਸੀਂ ਬੇਰੁਜ਼ਗਾਰ ਹੁੰਦੇ ਹੋ ਅਤੇ ਯੋਗਤਾ ਦੀਆਂ ਸਾਰੀਆਂ ਜ਼ਰੂਰਤਾਂ ਨੂੰ ਪੂਰਾ ਕਰਦੇ ਹੋ ਤਾਂ ਉਹ ਪਾਰਸ਼ਲ ਵੇਜ ਰਿਪਲੇਸਮੈਂਟ ਪ੍ਰਦਾਨ ਕਰਦਾ ਹੈ।

## ਕਿਸ ਨੂੰ UI ਦਾਅਵਾ ਕਰਨਾ ਚਾਹੀਦਾ ਹੈ

ਜੇਕਰ ਤੁਸੀਂ ਕੰਮ ਤੋਂ ਬਾਹਰ ਹੋ ਜਾਂ ਤੁਹਾਡੇ ਘੰਟੇ ਘਟਾ ਦਿੱਤੇ ਗਏ ਹਨ ਤਾਂ ਤੁਸੀਂ UI ਲਾਭਾਂ ਲਈ ਦਾਅਵਾ ਦਰਜ ਕਰਵਾ ਸਕਦੇ ਹੋ।

UI ਲਾਭਾਂ ਲਈ ਯੋਗ ਬਣਨ ਵਾਸਤੇ, ਤੁਸੀਂ ਲਾਜ਼ਮੀ ਤੌਰ 'ਤੇ ਦਾਅਵਾ ਸਥਾਪਤ ਕਰਨ ਲਈ ਮੂਲ ਸਮੇਂ ਦੌਰਾਨ ਲੋੜੀਂਦੀ ਤਨਖ਼ਾਹ ਪ੍ਰਾਪਤ ਕੀਤੀ ਹੋਵੇ, ਅਤੇ ਤੁਸੀਂ:

- ਪੂਰੀ ਤਰ੍ਹਾਂ ਜਾਂ ਅਧੂਰੇ ਬੇਰੁਜ਼ਗਾਰ ਹੋਵੋ।
- ਬਿਨਾਂ ਕਿਸੇ ਗ਼ਲਤੀ ਤੋਂ ਬੇਰੁਜ਼ਗਾਰ ਹੋ।
- ਸਰੀਰਕ ਤੌਰ 'ਤੇ ਕੰਮ ਕਰਨ ਵਿੱਚ ਸਮਰੱਥ ਹੋ।
- ਕੰਮ ਲਈ ਉਪਲਬਧ ਹੋਵੋ।
- ਤੁਰੰਤ ਕੰਮ ਨੂੰ ਸਵੀਕਾਰ ਕਰਨ ਲਈ ਤਿਆਰ ਅਤੇ ਇੱਛੁਕ ਹੋਵੋ।
- ਸਰਗਰਮ ਰੂਪ ਵਿੱਚ ਕੰਮ ਦੀ ਤਲਾਸ਼ ਕਰ ਰਹੇ ਹੋਵੋ।

## ਕਦੋਂ ਦਾਇਰ ਕਰੀਏ

ਜਿਵੇਂ ਹੀ ਤੁਸੀਂ ਬੇਰੁਜ਼ਗਾਰ ਹੁੰਦੇ ਹੋ ਜਾਂ ਤੁਹਾਡੇ ਕੰਮ ਦੇ ਘੰਟੇ ਘਟਾ ਦਿੱਤੇ ਜਾਂਦੇ ਹਨ ਤਾਂ ਤੁਸੀਂ ਲਾਭਾਂ ਲਈ ਅਪਲਾਈ ਕਰ ਸਕਦੇ ਹੋ। ਤੁਸੀਂ ਜਿਸ ਹਫ਼ਤੇ ਵਿੱਚ ਦਾਅਵਾ ਦਰਜ ਕਰਾਉਂਦੇ ਹੋ, ਤੁਹਾਡਾ ਦਾਅਵਾ ਉਸ ਹਫ਼ਤੇ ਵਿੱਚ ਐਤਵਾਰ ਨੂੰ ਸ਼ੁਰੂ ਹੋਵੇਗਾ।

ਸਾਰੇ ਦਾਅਵਿਆਂ ਵਿੱਚ ਇੱਕ ਹਫ਼ਤੇ ਦੀ, ਅਦਾਇਗੀ ਰਹਿਤ ਉਡੀਕ ਮਿਆਦ ਹੁੰਦੀ ਹੈ। ਜਦੋਂ ਤੱਕ ਤੁਸੀਂ ਦਾਅਵਾ ਦਰਜ ਨਹੀਂ ਕਰਾਉਂਦੇ, ਲਾਭਾਂ ਲਈ ਪ੍ਰਮਾਣਿਤ ਨਹੀਂ ਹੋ ਜਾਂਦੇ ਅਤੇ ਯੋਗਤਾ ਦੀਆਂ ਸਾਰੀਆਂ ਜ਼ਰੂਰਤਾਂ ਨੂੰ ਪੂਰਾ ਨਹੀਂ ਕਰਦੇ, ਓਦੋਂ ਤੱਕ ਉਡੀਕ ਮਿਆਦ ਸ਼ੁਰੂ ਨਹੀਂ ਹੁੰਦੀ।

## ਦਾਇਰ ਕਰਨ ਲਈ ਤੁਹਾਨੂੰ ਕੀ ਚਾਹੀਦਾ ਹੈ

ਦਾਅਵਾ ਦਰਜ ਕਰਾਉਣ ਲਈ, ਤੁਹਾਨੂੰ ਆਪਣੀ ਇਹ ਜਾਣਕਾਰੀ ਪ੍ਰਦਾਨ ਕਰਨੀ ਹੋਵੇਗੀ:

- ਨਾਮ (ਕੰਮ ਕਰਦੇ ਸਮੇਂ ਤੁਹਾਡੇ ਦੁਆਰਾ ਵਰਤੇ ਜਾਣ ਵਾਲੇ ਸਾਰੇ ਨਾਮਾਂ ਸਮੇਤ) ਅਤੇ ਸਮਾਜਿਕ ਸੁਰੱਖਿਆ ਨੰਬਰ।
- ਡਾਕ ਅਤੇ ਰਿਹਾਇਸ਼ ਪਤਾ (ਜੇਕਰ ਵੱਖਰਾ ਹੈ) ਅਤੇ ਫ਼ੋਨ ਨੰਬਰ।
- ਪਿਛਲੇ ਰੁਜ਼ਗਾਰਦਾਤਾ ਦਾ ਪੂਰਾ ਨਾਮ, ਪਤਾ (ਡਾਕ ਅਤੇ ਭੌਤਿਕ ਸਥਾਨ) ਅਤੇ ਫ਼ੋਨ ਨੰਬਰ।
- ਪਿਛਲੇ ਦਿਨ ਕੰਮ ਕਰਨ ਦਾ ਸਮਾਂ ਅਤੇ ਹੁਣ ਕੰਮ ਨਾ ਕਰਨ ਦਾ ਕਾਰਨ (ਵਪਾਰ ਵਿਵਾਦ ਕਰਕੇ ਕੰਮ ਵਿੱਚੋਂ ਕੱਢ ਦਿੱਤਾ, ਛੱਡ ਦਿੱਤਾ)।
- ਆਊਟ-ਔਫ਼-ਸਟੇਟ ਰੁਜ਼ਗਾਰ ਸਮੇਤ, ਆਪਣਾ ਦਾਅਵਾ ਦਰਜ ਕਰਾਉਣ ਤੋਂ ਪਹਿਲਾਂ 18 ਮਹੀਨਿਆਂ ਦੀ ਵਰਕ ਹਿਸਟਰੀ। ਸਾਰੇ ਰੁਜ਼ਗਾਰਦਾਤਿਆਂ ਦੇ ਨਾਮ, ਰੁਜ਼ਗਾਰ ਮਿਤੀਆਂ ਅਤੇ ਕਮਾਈ ਗਈ ਤਨਖ਼ਾਹ ਸਮੇਤ।
- ਰਾਜ ਦੁਆਰਾ ਜਾਰੀ ਕੀਤਾ ਡ੍ਰਾਈਵਰ ਲਾਇਸੈਂਸ ਨੰਬਰ ਜਾਂ ਪਛਾਣ ਕਾਰਡ ਨੰਬਰ।
- ਨਾਗਰਿਕਤਾ ਸਥਿਤੀ ਅਤੇ ਜੇਕਰ ਤੁਹਾਨੂੰ ਸੰਯੁਕਤ ਰਾਜ ਵਿੱਚ ਕੰਮ ਕਰਨ ਦਾ ਕਨੂੰਨੀ ਅਧਿਕਾਰ ਪ੍ਰਾਪਤ ਹੈ। ਜੇਕਰ ਤੁਸੀਂ ਦੱਸਦੇ ਹੋ ਕਿ ਤੁਸੀਂ ਸੰਯੁਕਤ ਰਾਜ ਦੀਆਂ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ (USCIS, ਪਹਿਲਾਂ INS) ਨਾਲ ਰਜਿਸਟਰ ਹੋ ਅਤੇ ਸੰਯੁਕਤ ਰਾਜ ਵਿੱਚ ਕੰਮ ਕਰਨ ਲਈ ਅਧਿਕਾਰਤ ਹੋ, ਤਾਂ ਤੁਹਾਨੂੰ ਤੁਹਾਡੇ ਰੁਜ਼ਗਾਰ ਅਧਿਕਾਰ ਦਸਤਾਵੇਜ਼ ਦੇ ਸਿਰਲੇਖ ਅਤੇ USCIS ਦਸਤਾਵੇਜ਼ ਤੋਂ ਜਾਣਕਾਰੀ, ਜਿਵੇਂ ਕਿ ਵਿਦੇਸ਼ੀ ਰਜਿਸਟ੍ਰੇਸ਼ਨ ਨੰਬਰ, ਕਾਰਡ ਨੰਬਰ, ਅਤੇ/ਜਾਂ ਮਿਆਦ ਪੁੱਗਣ ਦੀ ਮਿਤੀ ਲਈ ਕਿਹਾ ਜਾਵੇਗਾ।

**ਧਿਆਨ ਦਿਓ:** ਤੁਹਾਡੇ ਪਿਛਲੇ ਰੁਜ਼ਗਾਰਦਾਤਾ ਦਾ ਨਾਮ ਅਤੇ ਪਤਾ ਬਹੁਤ ਹੀ ਜ਼ਰੂਰੀ ਹਨ ਭਾਵੇਂ ਤੁਸੀਂ ਉਸ ਰੁਜ਼ਗਾਰਦਾਤਾ ਲਈ ਕਿੰਨਾ ਸਮਾਂ ਵੀ ਕੰਮ ਕੀਤਾ ਹੋਵੇ। ਜੇਕਰ ਤੁਸੀਂ ਪਾਰਟ-ਟਾਈਮ ਕੰਮ ਕਰਦੇ ਸੀ, ਤਾਂ ਹਰ ਹਫ਼ਤੇ ਵਿੱਚ ਕੰਮ ਕਰਨ ਦੇ ਘੰਟਿਆਂ ਬਾਰੇ ਦੱਸੋ।

**ਜੇਕਰ ਤੁਸੀਂ ਪਿਛਲੇ 18 ਮਹੀਨਿਆਂ ਵਿੱਚ** ਮਿਲਟਰੀ ਵਿੱਚ ਸੇਵਾ ਕੀਤੀ ਹੈ, ਤਾਂ ਤੁਹਾਨੂੰ ਆਪਣੇ DD214 ਮੈਂਬਰ ਕਾਪੀ 4 ਤੋਂ ਜਾਣਕਾਰੀ ਪ੍ਰਦਾਨ ਕਰਨ ਦੀ ਲੋੜ ਹੋਵੇਗੀ।

**ਜੇਕਰ ਤੁਸੀਂ ਪਿਛਲੇ 18 ਮਹੀਨਿਆਂ ਵਿੱਚ** ਸੰਘੀ ਸਰਕਾਰ ਲਈ ਕੰਮ ਕੀਤਾ ਹੈ, ਤਾਂ ਤੁਹਾਨੂੰ ਆਪਣੇ *ਬੇਰੁਜ਼ਗਾਰੀ ਬੀਮਾ ਬਾਰੇ ਸੰਘੀ ਕਰਮਚਾਰੀਆਂ ਦੀ ਸੂਚਨਾ*, ਸਟੈਂਡਰਡ ਫਾਰਮ 8 ਤੋਂ ਜਾਣਕਾਰੀ ਪ੍ਰਦਾਨ ਕਰਨ ਦੀ ਲੋੜ ਹੋਵੇਗੀ।

## ਚਿਤਾਵਨੀ

ਲਾਭ ਪ੍ਰਾਪਤ ਕਰਨ ਲਈ ਗਲਤ ਬਿਆਨ ਦੇਣਾ ਜਾਂ ਜਾਣਕਾਰੀ ਨੂੰ ਲੁਕਾਉਣਾ ਇੱਕ ਘੋਰ ਅਪਰਾਧ ਹੋ ਸਕਦਾ ਹੈ। ਸਜ਼ਾ ਵਿੱਚ ਜੁਰਮਾਨੇ, ਲਾਭਾਂ ਦਾ ਨੁਕਸਾਨ ਅਤੇ/ਜਾਂ ਅਪਰਾਧਿਕ ਮੁਕੱਦਮਾ ਸ਼ਾਮਲ ਹੋ ਸਕਦਾ ਹੈ। ਪੰਨਾ 12 'ਤੇ ਧੋਖਾਧੜੀ ਅਤੇ ਜੁਰਮਾਨਿਆਂ 'ਤੇ ਵਾਧੂ ਜਾਣਕਾਰੀ ਦੇਖੋ।

## ਰੁਜ਼ਗਾਰਦਾਤਾ ਸੂਚਨਾ

ਜਦੋਂ ਤੁਸੀਂ UI ਦਾਅਵਾ ਦਰਜ ਕਰਾਉਂਦੇ ਹੋ ਤਾਂ ਤੁਹਾਡੇ ਪਿਛਲੇ ਰੁਜ਼ਗਾਰਦਾਤਾ ਨੂੰ ਸੂਚਿਤ ਕੀਤਾ ਜਾਵੇਗਾ। ਹਾਲਾਂਕਿ ਤੁਹਾਡੀ ਯੋਗਤਾ EDD ਦੁਆਰਾ ਨਿਰਧਾਰਿਤ ਕੀਤੀ ਜਾਂਦੀ ਹੈ, ਪਰ ਰੁਜ਼ਗਾਰਦਾਤਾ UI ਪ੍ਰੋਗਰਾਮ ਨੂੰ ਫੰਡ ਪ੍ਰਦਾਨ ਕਰਦੇ ਹਨ ਅਤੇ ਕਨੂੰਨ ਦੇ ਤਹਿਤ ਉਨ੍ਹਾਂ ਲਈ ਉਹ ਕੋਈ ਵੀ ਜਾਣਕਾਰੀ ਪ੍ਰਦਾਨ ਕਰਨਾ ਲਾਜ਼ਮੀ ਹੈ ਜੋ ਲਾਭ ਪ੍ਰਾਪਤ ਕਰਨ ਦੀ ਤੁਹਾਡੀ ਯੋਗਤਾ ਨੂੰ ਪ੍ਰਭਾਵਿਤ ਕਰ ਸਕਦੀ ਹੈ।

## ਦਾਅਵਿਆਂ ਦੀਆਂ ਕਿਸਮਾਂ

ਤੁਸੀਂ ਕਿਸ ਤਰ੍ਹਾਂ ਦੇ ਰੁਜ਼ਗਾਰਦਾਤਾ ਲਈ ਕੰਮ ਕੀਤਾ ਹੈ ਅਤੇ ਕਿਹੜੇ ਰਾਜ ਵਿੱਚ ਕੰਮ ਕੀਤਾ ਹੈ, ਤੁਹਾਡਾ ਦਾਅਵਾ ਇਨ੍ਹਾਂ ਦੋਵਾਂ ਗੱਲਾਂ 'ਤੇ ਨਿਰਭਰ ਕਰਦਾ ਹੈ।

ਤੁਸੀਂ:

- ਨਿਯਮਿਤ ਕੈਲੀਫੋਰਨੀਆ ਦਾਅਵਾ ਦਰਜ ਕਰਾਉਂਗੇ ਜੇਕਰ ਤੁਸੀਂ ਸਿਰਫ਼ ਕੈਲੀਫੋਰਨੀਆ ਵਿੱਚ ਕੰਮ ਕੀਤਾ ਹੈ, ਭਾਵੇਂ ਤੁਸੀਂ ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਹੋ।

- ਸੰਘੀ ਦਾਅਵਾ ਦਰਜ ਕਰਾਉਂਗੇ ਜੇਕਰ ਤੁਹਾਡਾ ਰੁਜ਼ਗਾਰ ਸੰਘੀ ਸਰਕਾਰ ਲਈ ਸਿਵਿਲਿਅਨ ਕੰਮ ਵਿੱਚ ਸੀ।

- ਮਿਲਟਰੀ ਦਾਅਵਾ ਦਰਜ ਕਰਾਉਂਗੇ ਜੇਕਰ ਤੁਸੀਂ ਸੰਯੁਕਤ ਰਾਜ ਦੇ ਸੈਨਾ ਬਲ ਦੇ ਮੈਂਬਰ ਦੇ ਰੂਪ ਵਿੱਚ ਕੰਮ ਕੀਤਾ ਹੈ।

- ਸੰਯੁਕਤ ਤਨਖ਼ਾਹ ਦਾਅਵਾ ਦਰਜ ਕਰਾਉਂਗੇ ਜੇਕਰ ਤੁਸੀਂ ਪਿਛਲੇ 18 ਮਹੀਨਿਆਂ ਵਿੱਚ ਕੈਲੀਫੋਰਨੀਆ ਅਤੇ ਘੱਟੋ-ਘੱਟ ਕਿਸੇ ਹੋਰ ਰਾਜ ਵਿੱਚ ਕਮਾਈ ਕਰਦੇ ਸੀ।

- ਇੰਟਰਸਟੇਟ ਦਾਅਵਾ ਦਰਜ ਕਰਾਉਂਗੇ ਜੇਕਰ ਤੁਸੀਂ ਹੁਣ ਕੈਲੀਫੋਰਨੀਆ ਵਿੱਚ ਰਹਿੰਦੇ ਹੋ ਅਤੇ ਪਿਛਲੇ 18 ਮਹੀਨਿਆਂ ਦੇ ਦੌਰਾਨ ਸਿਰਫ਼ ਕਿਸੇ ਹੋਰ ਰਾਜ ਵਿੱਚ ਕੰਮ ਕੀਤਾ ਹੈ। ਆਪਣਾ ਦਾਅਵਾ ਸਿੱਧਾ ਕਿਸੇ ਹੋਰ ਰਾਜ, ਕੋਲੰਬੀਆ ਦੇ ਜ਼ਿਲ੍ਹੇ, ਪਯੂਟਰੋ ਰਿਕੋ ਜਾਂ ਕੈਨੇਡਾ ਨਾਲ ਦਰਜ ਕਰਵਾਓ। ਜੇਕਰ ਤੁਸੀਂ ਸੰਯੁਕਤ ਰਾਜ ਦੇ ਵਰਜਿਨ ਆਇਲੈਂਡ ਵਿੱਚ ਕੰਮ ਕਰਦੇ ਸੀ, ਤਾਂ EDD ਨੂੰ 1-800-300-5616 'ਤੇ ਸੰਪਰਕ ਕਰੋ।

## ਦਾਇਰ ਕਿਵੇਂ ਕਰੀਏ

ਤੁਸੀਂ ਹੇਠਾਂ ਦਿੱਤਿਆਂ ਵਿੱਚੋਂ ਕਿਸੇ ਇੱਕ ਵਿਧੀ ਦੀ ਵਰਤੋਂ ਕਰਕੇ UI ਦਾਅਵਾ ਦਰਜ ਕਰਵਾ ਸਕਦੇ ਹੋ:

- **ਔਨਲਾਈਨ**
  UI ਔਨਲਾਈਨ[SM] ਆਪਣਾ UI ਦਾਅਵਾ ਦਰਜ ਕ ਰਾਉਣ ਦਾ ਸਭ ਤੋਂ ਤੇਜ਼ ਅਤੇ ਸੁਵਿਧਾਜਨਕ ਤਰੀਕਾ ਹੈ। ਸ਼ੁਰੂ ਕਰਨ ਲਈ UI Online[SM] (edd.ca.gov/UI_Online) 'ਤੇ ਜਾਓ।

- **ਫ਼ੋਨ**
  ਰਾਜ ਦੀਆਂ ਛੁੱਟੀਆਂ ਨੂੰ ਛੱਡ ਕੇ, ਸੋਮਵਾਰ ਤੋਂ ਲੈ ਕੇ ਸ਼ੁੱਕਰਵਾਰ ਤੱਕ ਸਵੇਰੇ 8 ਵਜੇ ਤੋਂ ਲੈ ਕੇ ਦੁਪਹਿਰ 12 ਵਜੇ (ਪੈਸਿਫਿਕ ਟਾਈਮ) ਵਿੱਚ EDD ਦੇ ਨੁਮਾਇੰਦੇ ਨਾਲ ਗੱਲ ਕਰੋ। UI ਫ਼ੋਨ ਨੰਬਰਾਂ ਦੀ ਸੂਚੀ ਲਈ ਪੰਨਾ 19 'ਤੇ ਜਾਓ।

- **ਫੈਕਸ ਜਾਂ ਡਾਕ**
  UI ਔਨਲਾਈਨ ਨਾਲ ਦਾਅਵਾ ਕਰਦੇ ਸਮੇਂ ਕੁੱਝ ਗਾਹਕਾਂ ਨੂੰ ਨਿਰਦੇਸ਼ ਦਿੱਤਾ ਜਾਵੇਗਾ ਕਿ ਉਹ ਆਪਣੀ UI ਐਪਲੀਕੇਸ਼ਨ ਨੂੰ EDD ਨੂੰ ਫੈਕਸ ਜਾਂ ਡਾਕ ਰਾਹੀਂ ਭੇਜਣ। ਜੇਕਰ ਅਜਿਹਾ ਹੁੰਦਾ ਹੈ, ਤਾਂ ਪੂਰਾ ਕਰਨ ਅਤੇ ਸਬਮਿਟ ਕਰਨ ਲਈ ਤੁਹਾਡੇ ਵਾਸਤੇ ਕਾਗਜ਼ੀ *ਬੇਰੁਜ਼ਗਾਰੀ ਬੀਮਾ ਐਪਲੀਕੇਸ਼ਨ* (DE 1101I) ਡਿਸਪਲੇ ਕੀਤੀ ਜਾਵੇਗੀ।

  ਤੇਜ਼ ਅਤੇ ਵੱਧ ਸੁਰੱਖਿਅਤ ਪ੍ਰੋਸੈਸਿੰਗ ਲਈ, ਫਾਰਮ 'ਤੇ ਸੂਚੀਬੱਧ ਕੀਤੇ ਨੰਬਰ 'ਤੇ ਪੂਰੇ ਕੀਤੇ ਫਾਰਮ ਨੂੰ ਫੈਕਸ ਰਾਹੀਂ ਭੇਜੋ। ਜੇਕਰ ਆਪਣੀ UI ਐਪਲੀਕੇਸ਼ਨ ਨੂੰ ਡਾਕ ਰਾਹੀਂ ਭੇਜ ਰਹੇ ਹੋ, ਤਾਂ ਫਾਰਮ 'ਤੇ ਪਤਾ ਲਿਖੋ ਅਤੇ ਪ੍ਰੋਸੈਸਿੰਗ ਲਈ ਵਾਧੂ ਸਮਾਂ ਦਿਓ।

## ਦਾਅਵਾ ਸ਼ੁਰੂ ਹੋਣ ਦੀ ਮਿਤੀ

ਤੁਸੀਂ ਜਿਸ ਹਫ਼ਤੇ ਵਿੱਚ ਦਾਅਵਾ ਦਰਜ ਕਰਾਉਂਦੇ ਹੋ, ਤੁਹਾਡਾ ਦਾਅਵਾ ਉਸ ਹਫ਼ਤੇ ਵਿੱਚ ਐਤਵਾਰ ਨੂੰ ਸ਼ੁਰੂ ਹੋ ਜਾਂਦਾ ਹੈ।

## ਦਾਅਵਾ ਸਮਾਪਤ ਹੋਣ ਦੀ ਮਿਤੀ

ਤੁਹਾਡਾ ਦਾਅਵਾ ਤੁਹਾਡੇ ਦਾਅਵੇ ਦੇ ਸ਼ੁਰੂ ਹੋਣ ਦੇ 52 ਹਫ਼ਤਿਆਂ ਬਾਅਦ, ਸ਼ਨੀਵਾਰ ਨੂੰ ਸਮਾਪਤ ਹੁੰਦਾ ਹੈ। ਜੇਕਰ ਤੁਸੀਂ ਇਸ ਮਿਤੀ ਤੋਂ ਪਹਿਲਾਂ ਹੀ ਆਪਣੇ ਲਾਭਾਂ ਨੂੰ ਸਮਾਪਤ ਕਰ ਲੈਂਦੇ ਹੋ, ਤਾਂ ਤੁਸੀਂ ਦਾਅਵੇ ਦੇ ਲਾਭ ਸਾਲ ਦੇ ਸਮਾਪਤ ਹੋਣ ਤੱਕ ਕੋਈ ਹੋਰ ਕੈਲੀਫੋਰਨੀਆ ਦਾਅਵਾ ਦਰਜ ਨਹੀਂ ਕਰਵਾ ਸਕਦੇ।

ਜੇਕਰ ਤੁਸੀਂ ਪਿਛਲੇ 18 ਮਹੀਨਿਆਂ ਦੌਰਾਨ ਕਿਸੇ ਹੋਰ ਰਾਜ ਵਿੱਚ ਕੰਮ ਕੀਤਾ ਹੈ, ਤਾਂ ਤੁਸੀਂ ਉਸ ਰਾਜ ਵਿੱਚ ਨਵਾਂ ਦਾਅਵਾ ਦਰਜ ਕਰਾਉਣ ਦੇ ਯੋਗ ਹੋ ਸਕਦੇ ਹੋ।

## ਵੈਧ ਦਾਅਵਾ ਸਥਾਪਿਤ ਕਰਨ ਲਈ ਨਿਊਨਤਮ ਕਮਾਈਆਂ

ਤੁਸੀਂ ਆਪਣੇ ਬੇਸ ਪੀਰੀਅਡ ਵਿੱਚ ਇੱਕ ਤਿਮਾਹੀ ਵਿੱਚ ਘੱਟੋ-ਘੱਟ $1,300 ਕਮਾਈ ਕੀਤੀ ਹੋਵੇ ਜਾਂ ਉੱਚਤਮ ਤਿਮਾਹੀ ਵਿੱਚ ਘੱਟੋ-ਘੱਟ $900 ਕਮਾਏ ਹੋ ਅਤੇ ਆਪਣੇ ਕੁੱਲ ਬੇਸ ਪੀਰੀਅਡ ਵਿੱਚ ਆਪਣੀਆਂ 1.25 ਗੁਣਾ ਉੱਚਤਮ ਤਿਮਾਹੀ ਕਮਾਈਆਂ ਕੀਤੀਆਂ ਹੋਣ।

ਉਦਾਹਰਣ ਲਈ: ਜੇਕਰ ਤੁਸੀਂ ਸਭ ਤੋਂ ਉੱਚ ਤਿਮਾਹੀ ਵਿੱਚ $900 ਕਮਾਉਂਦੇ ਹੋ, ਤਾਂ ਤੁਹਾਡੇ ਲਈ ਇਹ ਜ਼ਰੂਰੀ ਹੋਵੇਗਾ ਕਿ ਤੁਸੀਂ ਮੂਲ ਸਮੇਂ ਵਿੱਚ ਕੁੱਲ $1,125 ਕਮਾਏ ਹੋਣ ($900 x 1.25 = $1,125)।

## UI ਲਾਭਾਂ ਦੀ ਗਣਨਾ ਕਿਵੇਂ ਕੀਤੀ ਜਾਂਦੀ ਹੈ

ਬੇਸ ਪੀਰੀਅਡ ਦੌਰਾਨ ਜਿਸ ਤਿਮਾਹੀ ਵਿੱਚ ਤੁਹਾਨੂੰ ਸਭ ਤੋਂ ਵੱਧ ਤਨਖ਼ਾਹਾਂ ਦਾ ਭੁਗਤਾਨ ਕੀਤਾ ਗਿਆ ਸੀ, ਉਹ ਤੁਹਾਡੀ ਹਫ਼ਤਾਵਾਰੀ ਲਾਭ ਰਕਮ (WBA) ਨੂੰ ਨਿਰਧਾਰਤ ਕਰਦੀ ਹੈ। WBA ਹਰ ਹਫ਼ਤੇ $40 ਤੋਂ $450 ਤੱਕ ਹੁੰਦੀ ਹੈ।

ਅਧਿਕਤਮ ਲਾਭ ਦੀ ਰਕਮ ਹਫ਼ਤਾਵਾਰੀ ਲਾਭ ਰਕਮ ਦਾ 26 ਗੁਣਾ ਜਾਂ ਸਮੁੱਚੇ ਮੂਲ ਸਮੇਂ ਦੀਆਂ ਤਨਖ਼ਾਹਾਂ ਦਾ ਅੱਧਾ ਹਿੱਸਾ ਹੁੰਦਾ ਹੈ, ਜੋ ਵੀ ਘੱਟ ਹੋਵੇ।

ਆਪਣੀ WBA ਦਾ ਅਨੁਮਾਨ ਲਗਾਉਣ ਲਈ **ਪੰਨਾ 16** 'ਤੇ ਬੇਰੁਜ਼ਗਾਰੀ ਬੀਮਾ ਲਾਭ ਸਾਰਨੀ ਦੇਖੋ।


## ਬੇਸ ਪੀਰੀਅਡ

ਦਾਅਵਾ ਸਥਾਪਿਤ ਕਰਨ ਲਈ ਦੋ ਤਰ੍ਹਾਂ ਦੇ ਬੇਸ ਪੀਰੀਅਡ ਹੁੰਦੇ ਹਨ: ਸਟੈਂਡਰਡ ਬੇਸ ਪੀਰੀਅਡ ਅਤੇ ਅਲਟਰਨੇਟ ਬੇਸ ਪੀਰੀਅਡ।

## ਸਟੈਂਡਰਡ ਬੇਸ ਪੀਰੀਅਡ (SBP)

SBP ਦਾਅਵੇ ਦੇ ਸ਼ੁਰੂ ਹੋਣ ਦੀ ਮਿਤੀ ਤੋਂ ਪਹਿਲਾਂ ਪਿਛਲੀਆਂ ਪੰਜ ਪੂਰੀਆਂ ਹੋਈਆਂ ਕੈਲੰਡਰ ਤਿਮਾਹੀਆਂ ਵਿੱਚੋਂ ਪਹਿਲੀਆਂ ਚਾਰ ਤਿਮਾਹੀਆਂ ਹਨ।

ਹੇਠਾਂ ਦਿੱਤੇ ਚਾਰਟ ਨੂੰ ਦੇਖੋ। ਛਾਇਆਦਾਰ ਖੇਤਰ ਸਟੈਂਡਰਡ ਬੇਸ ਪੀਰੀਅਡ ਨੂੰ ਦਰਸਾਉਂਦਾ ਹੈ। ਗ਼ੈਰ-ਛਾਇਆਦਾਰ ਖੇਤਰ ਉਸ ਤਿਮਾਹੀ ਨੂੰ ਦਰਸਾਉਂਦਾ ਹੈ ਜਿਸ ਲਈ ਦਾਅਵਾ ਦਰਜ ਕੀਤਾ ਗਿਆ ਹੈ।




## ਅਲਟ੍ਰਨੇਟ ਬੇਸ ਪੀਰਿਅਡ (ABP)

ਜੇਕਰ ਸਟੈਂਡਰਡ ਬੇਸ ਪੀਰੀਅਡ ਵਿੱਚ ਤੁਹਾਡੇ ਕੋਲ ਕਾਫ਼ੀ ਤਨਖ਼ਾਹਾਂ ਨਹੀਂ ਹਨ, ਤਾਂ ਤੁਸੀਂ ABP ਦੀ ਵਰਤੋਂ ਕਰਕੇ ਦਾਅਵਾ ਦਰਜ ਕਰਨ ਦੇ ਯੋਗ ਹੋ ਸਕਦੇ ਹੋ।


ABP ਦਾਅਵੇ ਦੇ ਸ਼ੁਰੂ ਹੋਣ ਦੀ ਮਿਤੀ ਤੋਂ ਪਹਿਲਾਂ ਪਿਛਲੀਆਂ ਚਾਰ ਪੂਰੀਆਂ ਹੋਈਆਂ ਕੈਲੰਡਰ ਤਿਮਾਹੀਆਂ ਹੁੰਦੀਆਂ ਹਨ।

ਜੇਕਰ ਤੁਸੀਂ SBP ਦਾਅਵੇ ਲਈ ਯੋਗ ਨਹੀਂ ਹੋ ਤਾਂ EDD ਸਵੈਚਾਲਿਤ ਰੂਪ ਵਿੱਚ ਤੁਹਾਡੇ ਵੱਲੋਂ ABP ਦਾਅਵਾ ਦਰਜ ਕਰੇਗਾ।

ਤੁਹਾਨੂੰ ਤਨਖ਼ਾਹ ਬਾਰੇ ਵਾਧੂ ਜਾਣਕਾਰੀ ਪ੍ਰਦਾਨ ਕਰਨ ਲਈ ਕਿਹਾ ਜਾ ਸਕਦਾ ਹੈ ਤਾਂ ਕਿ EDD ਸਹੀ ਤਰੀਕੇ ਨਾਲ ਤੁਹਾਡੀ ਲਾਭ ਰਕਮ ਦੀ ਗਣਨਾ ਕਰ ਸਕੇ। ਜੇਕਰ ਤੁਸੀਂ *ਤਨਖ਼ਾਹਾਂ ਦਾ ਐਫੀਡੇਵਿਟ* (DE 23A) ਪ੍ਰਾਪਤ ਕਰਦੇ ਹੋ, ਤਾਂ ਬੇਨਤੀ ਕੀਤੇ ਦਸਤਾਵੇਜ਼ ਪ੍ਰਦਾਨ ਕਰੋ ਅਤੇ EDD ਨੂੰ ਵਾਪਸ ਭੇਜੋ।

**ਧਿਆਨ ਦਿਓ:** ABP ਦੀ ਵਰਤੋਂ **ਸਿਰਫ਼** ਓਦੋਂ ਕੀਤੀ ਜਾ ਸਕਦੀ ਹੈ ਜਦੋਂ ਦਾਅਵਾ ਸਥਾਪਿਤ ਕਰਨ ਲਈ ਸਟੈਂਡਰਡ ਬੇਸ ਪੀਰੀਅਡ ਵਿੱਚ ਕਾਫ਼ੀ ਤਨਖ਼ਾਹਾਂ ਨਹੀਂ ਕਮਾਈਆਂ ਜਾਂਦੀਆਂ।

ਹੇਠਾਂ ਦਿੱਤੇ ਚਾਰਟ ਨੂੰ ਦੇਖੋ। ਛਾਇਆਦਾਰ ਖੇਤਰ ABP ਨੂੰ ਦਰਸਾਉਂਦਾ ਹੈ। ਗ਼ੈਰ-ਛਾਇਆਦਾਰ ਖੇਤਰ ਉਸ ਤਿਮਾਹੀ ਨੂੰ ਦਰਸਾਉਂਦਾ ਹੈ ਜਿਸ ਲਈ ਦਾਅਵਾ ਦਰਜ ਕੀਤਾ ਗਿਆ ਹੈ।




## ਉਡੀਕ ਮਿਆਦ

ਬੇਰੁਜ਼ਗਾਰੀ ਬੀਮਾ ਦਾਅਵਿਆਂ ਵਿੱਚ ਲਾਜ਼ਮੀ, ਇੱਕ ਹਫ਼ਤੇ ਦੀ, ਗ਼ੈਰ-ਭੁਗਤਾਨ ਕੀਤੀ ਉਡੀਕ ਮਿਆਦ ਹੁੰਦੀ ਹੈ। ਉਡੀਕ ਮਿਆਦ ਆਮ ਤੌਰ 'ਤੇ ਦਾਅਵੇ ਦੇ ਪਹਿਲੇ ਯੋਗ ਹਫ਼ਤੇ ਅਤੇ ਲਾਭ ਭੁਗਤਾਨ ਕੀਤੇ ਜਾਣ ਤੋਂ ਪਹਿਲਾਂ ਲਾਗੂ ਹੁੰਦੀ ਹੈ। ਆਪਣਾ ਦਾਅਵਾ ਦਰਜ ਕਰਾਉਣ ਦੀ ਉਡੀਕ ਨਾ ਕਰੋ ਕਿਉਂਕਿ ਦਾਅਵਾ ਦਰਜ ਕਰਾਉਣ ਤੱਕ ਉਡੀਕ ਸਮੇਂ ਨੂੰ ਪੂਰਾ ਨਹੀਂ ਕੀਤਾ ਜਾ ਸਕਦਾ।

## ਲਾਭ ਕਿਵੇਂ ਪ੍ਰਮਾਣਿਤ ਕਰਨੇ ਹਨ

ਆਪਣੀ ਉਡੀਕ ਮਿਆਦ ਨੂੰ ਪੂਰਾ ਕਰਨ ਲਈ ਅਤੇ ਲਾਭ ਭੁਗਤਾਨ ਪ੍ਰਾਪਤ ਕਰਨ ਲਈ, ਤੁਹਾਨੂੰ ਯੋਗਤਾ ਦੀਆਂ ਸਾਰੀਆਂ ਜ਼ਰੂਰਤਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ ਅਤੇ ਹਰੇਕ ਦੋ ਹਫ਼ਤਿਆਂ ਵਿੱਚ ਲਾਭ ਪ੍ਰਮਾਣਿਤ ਕਰਾਉਣੇ ਚਾਹੀਦੇ ਹਨ।

ਲਾਭ ਪ੍ਰਮਾਣਿਤ ਕਰਾਉਣ ਦੇ ਤਿੰਨ ਤਰੀਕੇ ਹਨ:

- **UI Online**SM**:** (edd.ca.gov/UI_Online) ਇਹ ਲਾਭਾਂ ਨੂੰ ਪ੍ਰਮਾਣਿਤ ਕਰਨ ਅਤੇ ਕੰਮ ਅਤੇ ਤਨਖ਼ਾਹਾਂ ਦੀ ਰਿਪੋਰਟ ਕਰਨ ਦਾ ਸਭ ਤੋਂ ਤੇਜ਼ ਤਰੀਕਾ ਹੈ। UI ਔਨਲਾਈਨ ਦੀ ਵਰਤੋਂ ਕਰਨ ਲਈ, ਤੁਹਾਨੂੰ ਔਨਲਾਈਨ ਲਾਭ ਪ੍ਰੋਗਰਾਮਾਂ ਰਾਹੀਂ ਸੁਰੱਖਿਅਤ ਲੌਗਇਨ ਬਣਾਉਣਾ ਚਾਹੀਦਾ ਹੈ **ਅਤੇ** UI ਔਨਲਾਈਨ ਲਈ ਵਨ-ਟਾਈਮ ਰਜਿਸਟ੍ਰੇਸ਼ਨ ਨੂੰ ਪੂਰਾ ਕਰਨਾ ਚਾਹੀਦਾ ਹੈ।

  ਵਾਧੂ ਸੁਵਿਧਾ ਲਈ, UI ਔਨਲਾਈਨ ਮੋਬਾਈਲSM ਮੋਬਾਈਲ ਡਿਵਾਈਸਾਂ ਲਈ ਉਪਲਬਧ ਹੁੰਦੀ ਹੈ।

- **EDD Tele-Cert**SM**:** 1-866-333-4606
  1-866-333-4606 'ਤੇ ਕਾਲ ਕਰਕੇ ਫ਼ੋਨ 'ਤੇ ਪ੍ਰਮਾਣਿਤ ਕਰੋ। ਵਿਕਲਪ 2 ਚੁਣੋ ਅਤੇ ਸਾਰੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰੋ। EDD ਟੈਲੀ-ਸਰਟ ਤੱਕ ਪਹੁੰਚ ਲਈ ਤੁਹਾਨੂੰ ਲਾਜ਼ਮੀ ਹੀ ਪਿੰਨ ਬਣਾਉਣਾ ਚਾਹੀਦਾ ਹੈ।

- **ਡਾਕ:** ਫਾਰਮ ਪੂਰਾ ਕਰੋ, ਦਸਤਖ਼ਤ ਕਰੋ ਅਤੇ EDD ਨੂੰ *ਨਿਰੰਤਰ ਦਾਅਵਾ* (DE 4581) ਫਾਰਮ ਡਾਕ ਰਾਹੀਂ ਭੇਜੋ।

  **ਧਿਆਨ ਦਿਓ:** ਤੇਜ਼ ਪ੍ਰੋਸੈਸਿੰਗ ਲਈ, UI ਔਨਲਾਈਨ ਜਾਂ EDD ਟੈਲੀ-ਸਰਟ ਰਾਹੀਂ ਪ੍ਰਮਾਣਿਤ ਕਰਵਾਓ।

## ਭੁਗਤਾਨ

ਭੁਗਤਾਨ ਓਦੋਂ ਜਾਰੀ ਕੀਤੇ ਜਾਂਦੇ ਹਨ ਜਦੋਂ ਤੁਸੀਂ ਲਾਭਾਂ ਲਈ ਪ੍ਰਮਾਣਿਤ ਹੋ ਜਾਂਦੇ ਹੋ ਅਤੇ ਉਸ ਹਰੇਕ ਹਫ਼ਤੇ ਲਈ ਯੋਗਤਾ ਜ਼ਰੂਰਤਾਂ ਨੂੰ ਪੂਰਾ ਕਰਨਾ ਜਾਰੀ ਰੱਖਦੇ ਹੋ ਜਿਸ ਲਈ ਤੁਸੀਂ ਲਾਭਾਂ ਦਾ ਦਾਅਵਾ ਕਰਦੇ ਹੋ।

ਤੁਹਾਡੇ ਕੋਲ ਆਪਣੇ ਲਾਭ ਭੁਗਤਾਨ ਪ੍ਰਾਪਤ ਕਰਨ ਲਈ ਵੀ ਵਿਕਲਪ ਹੁੰਦਾ ਹੈ। EDD, EDD ਡੈਬਿਟ ਕਾਰਡSM ਜਾਂ ਚੈੱਕ ਦੁਆਰਾ ਲਾਭ ਭੁਗਤਾਨ ਜਾਰੀ ਕਰਦਾ ਹੈ। EDD ਡੈਬਿਟ ਕਾਰਡ ਲਾਭ ਪ੍ਰਾਪਤ ਕਰਨ ਦਾ ਸਭ ਤੋਂ ਤੇਜ਼ ਅਤੇ ਸਭ ਤੋਂ ਸੁਰੱਖਿਅਤ ਤਰੀਕਾ ਹੈ। ਪਰ, ਤੁਹਾਨੂੰ ਸਵੀਕਾਰ ਕਰਨ ਦੀ ਜ਼ਰੂਰਤ ਨਹੀਂ ਹੈ। ਇੱਕ ਵਾਰ ਤੁਹਾਡਾ ਦਾਅਵਾ ਦਰਜ ਹੋਣ ਤੋਂ ਬਾਅਦ, EDD ਨੂੰ ਸੰਪਰਕ ਕਰੋ ਜੇਕਰ ਤੁਸੀਂ ਪੇਪਰ ਚੈੱਕ ਦੁਆਰਾ ਲਾਭ ਪ੍ਰਾਪਤ ਕਰਨਾ ਚਾਹੁੰਦੇ ਹੋ।

EDD ਡੈਬਿਟ ਕਾਰਡ ਤਿੰਨ ਸਾਲਾਂ ਲਈ ਵੈਧ ਹੁੰਦਾ ਹੈ ਅਤੇ ਵਿਕਲਾਂਗ ਬੀਮਾ (DI), ਪੇਡ ਫੈਮਿਲੀ ਲੀਵ (PFL) ਅਤੇ ਬੇਰੁਜ਼ਗਾਰੀ ਬੀਮਾ (UI) ਲਾਭਾਂ ਲਈ ਵਰਤਿਆ ਜਾਂਦਾ ਹੈ।

ਜੇਕਰ ਤੁਹਾਡੇ ਕੋਲ ਪਿਛਲੇ DI, PFL ਜਾਂ UI ਦਾਅਵੇ ਤੋਂ EDD ਡੈਬਿਟ ਕਾਰਡ ਹੈ ਜੋ ਹੁਣ ਵੀ ਵੈਧ ਹੈ, ਤਾਂ ਤੁਹਾਨੂੰ ਕਾਰਡ ਦੀ ਮਿਆਦ ਪੁੱਗਣ ਤੱਕ ਨਵਾਂ ਕਾਰਡ ਡਾਕ ਰਾਹੀਂ ਨਹੀਂ ਭੇਜਿਆ ਜਾਵੇਗਾ। ਜੇਕਰ ਤੁਹਾਨੂੰ ਰਿਪਲੇਸਮੈਂਟ ਕਾਰਡ ਦੀ ਲੋੜ ਹੈ, ਤਾਂ 1-866-692-9374 ਜਾਂ 1-866-656-5913 (TTY) 'ਤੇ ਕਾਲ ਕਰਕੇ ਬੈਂਕ ਔਫ਼ ਅਮੇਰੀਕਾ EDD ਡੈਬਿਟ ਕਾਰਡ ਗਾਹਕ ਸੇਵਾ ਨੂੰ ਸੰਪਰਕ ਕਰੋ।

ਹੋਰ ਜਾਣਕਾਰੀ ਲਈ, Bank of America EDD Debit Card (bankofamerica.com/EDDCard) 'ਤੇ ਜਾਓ।

## ਟੈਕਸ ਸੰਬੰਧੀ ਜ਼ਰੂਰਤਾਂ

UI ਲਾਭ ਸੰਘੀ ਆਮਦਨ ਕਰ ਦੇ ਅਧੀਨ ਹਨ, ਪਰ ਕੈਲੀਫੋਰਨੀਆ ਰਾਜ ਆਮਦਨ ਕਰ ਤੋਂ ਛੋਟ ਪ੍ਰਾਪਤ ਹੈ। ਹਰ ਵਾਰ ਜਦੋਂ ਤੁਸੀਂ ਲਾਭਾਂ ਨੂੰ ਪ੍ਰਮਾਣਿਤ ਕਰਾਉਂਦੇ ਹੋ, ਤੁਸੀਂ ਆਪਣੇ ਹਫ਼ਤਾਵਾਰ ਲਾਭ ਭੁਗਤਾਨ ਤੋਂ 10 ਪ੍ਰਤਿਸ਼ਤ ਸੰਘੀ ਆਮਦਨ ਕਰ ਵਿਦਹੋਲਡ ਕਰਨ ਦਾ ਵਿਕਲਪ ਚੁਣ ਸਕਦੇ ਹੋ। ਨਹੀਂ ਤਾਂ, ਤੁਹਾਨੂੰ ਸਾਲ ਦੇ ਅੰਤ ਵਿੱਚ ਟੈਕਸ ਦਾ ਭੁਗਤਾਨ ਕਰਨ ਦੀ ਲੋੜ ਹੋ ਸਕਦੀ ਹੈ, ਜਦੋਂ ਤੁਸੀਂ ਆਪਣੀ ਟੈਕਸ ਰਿਟਰਨ ਦਰਜ ਕਰਾਉਂਦੇ ਹੋ।

ਹਰ ਜਨਵਰੀ, EDD ਉਨ੍ਹਾਂ ਵਿਅਕਤੀਆਂ ਨੂੰ ਫਾਰਮ 1099G ਡਾਕ ਰਾਹੀਂ ਭੇਜਦਾ ਹੈ ਜਿਨ੍ਹਾਂ ਨੇ ਪਿਛਲੇ ਕੈਲੰਡਰ ਸਾਲ ਦੌਰਾਨ UI ਲਾਭ ਪ੍ਰਾਪਤ ਕੀਤੇ ਸਨ। ਆਪਣੀ ਫੈਡਰਲ ਟੈਕਸ ਰਿਟਰਨ 'ਤੇ ਮਹੱਤਵਪੂਰਨ ਟੈਕਸ ਜਾਣਕਾਰੀ ਦੀ ਰਿਪੋਰਟ ਕਰਨ ਲਈ ਫਾਰਮ ਦੀ ਵਰਤੋਂ ਕਰੋ। ਤੁਸੀਂ ਪਿਛਲੇ ਪੰਜ ਸਾਲਾਂ ਤੱਕ ਫਾਰਮ 1099G ਜਾਣਕਾਰੀ ਤੱਕ ਪਹੁੰਚ ਕਰ ਸਕਦੇ ਹੋ ਅਤੇ/ਜਾਂ UI ਔਨਲਾਈਨ ਰਾਹੀਂ ਜਾਂ 1-866-401-2849 'ਤੇ ਕਾਲ ਕਰਕੇ ਡੁਪਲੀਕੇਟ ਕਾਪੀਆਂ ਦੀ ਬੇਨਤੀ ਕਰ ਸਕਦੇ ਹੋ।

## ਬੱਚਿਆਂ ਦੀ ਸਹਾਇਤਾ ਸੰਬੰਧੀ ਜ਼ੁੰਮੇਵਾਰੀਆਂ

ਜੇਕਰ ਤੁਹਾਨੂੰ ਕੋਰਟ, ਜ਼ਿਲ੍ਹਾ ਅਟਾਰਨੀ ਦੇ ਦਫ਼ਤਰ, ਜਾਂ ਹੋਰ ਬਾਲ ਸਹਾਇਤਾ ਇਨਫੋਰਸਮੈਂਟ ਏਜੰਸੀ ਨੂੰ ਬਾਲ ਸਹਾਇਤਾ ਭੁਗਤਾਨ ਅਦਾ ਕਰਨ ਦੀ ਲੋੜ ਹੁੰਦੀ ਹੈ ਤੁਹਾਡੇ UI ਲਾਭ ਘਟਾਏ ਜਾ ਸਕਦੇ ਹਨ।

## ਆਮਦਨੀਆਂ ਦੀ ਰਿਪੋਰਟ ਕਰਨਾ

ਤੁਹਾਨੂੰ EDD ਨੂੰ ਉਸ ਹਫ਼ਤੇ ਦੌਰਾਨ **ਸਾਰੇ** ਕੰਮ, ਤਨਖ਼ਾਹਾਂ, ਅਤੇ ਹੋਰ ਆਮਦਨ ਦੀ ਰਿਪੋਰਟ ਕਰਨ ਦੀ ਲੋੜ ਹੁੰਦੀ ਹੈ, ਨਾ ਕਿ ਜਦੋਂ ਤੁਸੀਂ ਆਪਣੀ ਤਨਖ਼ਾਹ ਪ੍ਰਾਪਤ ਕਰਦੇ ਹੋ। ਆਪਣੀਆਂ ਕਮਾਈਆਂ ਦੀ ਸਹੀ ਤਰੀਕੇ ਨਾਲ ਰਿਪੋਰਟ ਕਰਨ ਵਿੱਚ ਅਸਫਲਤਾ ਓਵਰਪੇਮੈਂਟ ਅਤੇ ਜੁਰਮਾਨਿਆਂ ਦਾ ਕਾਰਨ ਬਣ ਸਕਦੀ ਹੈ।

ਰਿਪੋਰਟ ਕਰਨ ਵਾਸਤੇ ਆਮਦਨ ਦੀਆਂ ਕਿਸਮਾਂ:

- ਪੀਸ ਵਰਕ
- ਆਇਡਲ ਟਾਈਮ ਪੇ
- ਜੁਰੀ ਫੀਸ
- ਕਮੀਸ਼ਨ
- ਵਿਟਨੈੱਸ ਫੀਸ
- ਰੈਸਕਿਉ ਪੇ
- ਹਾਲੀਡੇ ਪੇ
- ਹੋਲਡਿੰਗ ਫੀਸ
- ਰੈਸਿਡੁਅਲਸ
- ਅਵਾਰਡ
- ਵਰਕਰ ਦੀ ਕੰਪਨਸੇਸ਼ਨ ਪੈਂਸ਼ਨ, ਰਿਟਾਇਰਮੈਂਟ, ਐਨੁਇਟੀ
- ਵੈਕੇਸ਼ਨ ਪੇ
- ਨੋਟਿਸ ਬਦਲੇ ਭੁਗਤਾਨ
- ਬੋਨਸ
- ਟਿਪ
- ਸਵੈ-ਰੁਜ਼ਗਾਰ ਆਮਦਨ
- ਸਟ੍ਰਾਈਕ ਲਾਭ/ਪਿਕੇਟ ਪੇ
- ਸਟੈਂਡਬਾਏ ਪੇ
- ਸੋਗ
- ਬੈਕ-ਪੇ
- ਪੇਡ ਫੈਮਿਲੀ ਲੀਵ

**ਧਿਆਨ ਦਿਓ:** ਜਦੋਂ ਤੁਸੀਂ ਕੰਮ ਕਰਦੇ ਹੋ ਤਾਂ ਤੁਹਾਨੂੰ ਪੈਸੇ ਬਦਲੇ ਪ੍ਰਾਪਤ ਹੋਏ ਬੋਰਡ, ਲੋਜ਼ਿੰਗ, ਭੋਜਨ ਜਾਂ ਕਿਸੇ ਹੋਰ ਭੁਗਤਾਨ ਬਾਰੇ ਰਿਪੋਰਟ ਕਰਨੀ ਹੋਵੇਗੀ। ਜੇਕਰ ਤੁਸੀਂ ਇਸ ਬਾਰੇ ਯਕੀਨੀ ਨਹੀਂ ਹੋ ਕਿ ਮਜ਼ਦੂਰੀਆਂ ਦੀ ਰਿਪੋਰਟ ਕਿਵੇਂ ਕਰੀਏ, ਤਾਂ EDD ਨਾਲ ਸੰਪਰਕ ਕਰੋ।

## ਪੈਂਸ਼ਨ ਅਤੇ ਰਿਟਾਇਰਮੈਂਟ ਪੇ

ਜੇਕਰ ਤੁਸੀਂ ਆਪਣੇ ਪਿਛਲੇ ਕੰਮ ਦੇ ਆਧਾਰ 'ਤੇ ਪੈਂਸ਼ਨ, ਰਿਟਾਇਰਮੈਂਟ ਪੇ, ਐਨੁਇਟੀ ਜਾਂ ਹੋਰ ਅਜਿਹੇ ਭੁਗਤਾਨ ਪ੍ਰਾਪਤ ਕਰ ਰਹੇ ਹੋ ਤਾਂ UI ਲਾਭ ਘੱਟ ਹੋ ਸਕਦੇ ਹਨ।

ਸੋਸ਼ਲ ਸਕਿਉਰਿਟੀ ਲਾਭ UI ਲਾਭਾਂ ਤੋਂ ਕਟੌਤੀਯੋਗ ਨਹੀਂ ਹਨ ਅਤੇ ਉਹਨਾਂ ਦੀ ਰਿਪੋਰਟ EDD ਨੂੰ ਕਰਨ ਦੀ ਲੋੜ ਨਹੀਂ ਹੈ।

## ਪਾਰਟ-ਟਾਈਮ ਕੰਮ

ਜੇਕਰ ਤੁਸੀਂ ਫੁੱਲ-ਟਾਈਮ ਤੋਂ ਘੱਟ ਕੰਮ ਕਰਦੇ ਹੋ, ਤਾਂ ਤੁਹਾਨੂੰ ਉਸ ਕੰਮ ਦੀ EDD ਨੂੰ ਰਿਪੋਰਟ ਕਰਨੀ ਹੋਵੇਗੀ। ਇਸਲਈ, ਤੁਸੀਂ ਸਾਰੇ ਹੀ ਅਧੂਰੇ UI ਲਾਭਾਂ ਲਈ ਯੋਗ ਹੋ ਸਕਦੇ ਹੋ। ਹਫ਼ਤੇ ਲਈ ਪਹਿਲੇ $25 ਜਾਂ ਤੁਹਾਡੀਆਂ ਸਕਲ ਕੁੱਲ ਆਮਦਨੀਆਂ ਦੇ 25 ਪ੍ਰਤੀਸ਼ਤ (ਜੋ ਵੀ ਵੱਧ ਹੋਵੇਗਾ) ਤੁਹਾਡੀ ਲਾਭ ਰਕਮ ਵਿੱਚ ਨਹੀਂ ਗਿਣਿਆ ਜਾਵੇਗਾ। ਬਾਕੀ ਰਕਮ ਤੁਹਾਡੀ ਹਫ਼ਤਾਵਾਰੀ ਲਾਭ ਰਕਮ ਤੋਂ ਕਟੌਤੀ ਕੀਤੀ ਜਾਵੇਗੀ।

ਉਦਾਹਰਨ 1:

ਤੁਹਾਡਾ ਹਫ਼ਤਾਵਾਰੀ ਲਾਭ $50 ਹੈ। ਤੁਸੀਂ $30 ਕਮਾਉਂਦੇ ਹੋ। ਤੁਹਾਨੂੰ $30 ਦੀ ਰਿਪੋਰਟ ਕਰਨੀ ਚਾਹੀਦੀ ਹੈ; ਹਾਲਾਂਕਿ ਪਹਿਲੇ $25 ਗਿਣੇ ਨਹੀਂ ਜਾਣਗੇ, ਤੁਹਾਡੇ ਹਫ਼ਤਾਵਾਰੀ ਲਾਭ ਰਕਮ ਤੋਂ ਕਟੌਤੀ ਲਈ $5 ਛੱਡ ਦਿੱਤਾ ਜਾਵੇਗਾ। ਤੁਹਾਨੂੰ UI ਲਾਭਾਂ ਵਿੱਚ $45 ($50 ਮਾਇਨਸ $5) ਪ੍ਰਾਪਤ ਹੋਣਗੇ।

ਉਦਾਹਰਨ 2:

ਤੁਹਾਡਾ ਹਫ਼ਤਾਵਾਰੀ ਲਾਭ $400 ਹੈ। ਤੁਸੀਂ $200 ਕਮਾਉਂਦੇ ਹੋ। ਤੁਹਾਨੂੰ $200 ਦੀ ਰਿਪੋਰਟ ਕਰਨੀ ਚਾਹੀਦੀ ਹੈ; ਹਾਲਾਂਕਿ ਪਹਿਲੇ 25 ਪ੍ਰਤੀਸ਼ਤ ($50) ਗਿਣੇ ਨਹੀਂ ਜਾਣਗੇ, ਤੁਹਾਡੇ ਹਫ਼ਤਾਵਾਰੀ ਲਾਭ ਰਕਮ ਤੋਂ ਕਟੌਤੀ ਲਈ $150 ਛੱਡ ਦਿੱਤਾ ਜਾਵੇਗਾ। ਤੁਹਾਨੂੰ UI ਲਾਭਾਂ

ਵਿੱਚ $250 ($400 ਮਾਇਨਸ $150) ਪ੍ਰਾਪਤ ਹੋਣਗੇ।

## ਤੁਹਾਡੀ ਯੋਗਤਾ ਕਿਵੇਂ ਨਿਰਧਾਰਿਤ ਕੀਤੀ ਜਾਂਦੀ ਹੈ

ਯੋਗ ਹੋਣ ਵਾਸਤੇ, ਤੁਹਾਨੂੰ ਇਹ ਹੋਣਾ ਚਾਹੀਦਾ ਹੈ:

- ਤੁਹਾਡੀ ਖੁਦ ਦੀ ਗਲਤੀ ਤੋਂ ਬਿਨਾਂ ਕੰਮ ਤੋਂ ਬਾਹਰ ਹੋਣਾ।
- ਸਰੀਰਕ ਤੌਰ 'ਤੇ ਕੰਮ ਕਰਨ ਵਿੱਚ ਸਮਰੱਥ ਹੋ।
- ਕੰਮ ਕਰਨ ਲਈ ਤਿਆਰ ਰਹਿਣਾ।
- ਸਰਗਰਮ ਰੂਪ ਵਿੱਚ ਕੰਮ ਦੀ ਤਲਾਸ਼ ਕਰ ਰਹੇ ਹੋਵੋ।

ਜੇਕਰ ਤੁਹਾਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ, ਤਾਂ ਤੁਹਾਨੂੰ ਆਪਣੀ ਗਲਤੀ ਤੋਂ ਬਿਨਾਂ ਕੰਮ ਤੋਂ ਬਾਹਰ ਮੰਨਿਆ ਜਾਂਦਾ ਹੈ।

ਜੇਕਰ ਤੁਸੀਂ ਆਪਣੀ ਪਿਛਲੀ ਨੌਕਰੀ ਛੱਡ ਦਿੱਤੀ ਹੈ, ਕੱਢ ਦਿੱਤੇ ਗਏ ਸੀ ਜਾਂ ਹੜਤਾਲ ਜਾਂ ਲੌਕਆਊਟ ਕਰਕੇ ਬੇਰੁਜ਼ਗਾਰ ਹੋ ਗਏ ਸੀ, ਤਾਂ EDD ਤੁਹਾਡੇ ਹੁਣ ਕੰਮ ਨਾ ਕਰਨ ਦੀ ਵਜ੍ਹਾ ਬਾਰੇ ਜਾਣਕਾਰੀ ਇਕੱਤਰ ਕਰਨ ਲਈ ਤੁਹਾਡੇ ਨਾਲ ਇੱਕ ਫ਼ੋਨ ਇੰਟਰਵਿਊ ਨਿਰਧਾਰਿਤ ਕਰੇਗਾ। ਤੁਹਾਡੇ UI ਲਾਭਾਂ ਦਾ ਭੁਗਤਾਨ ਓਦੋਂ ਤੱਕ ਨਹੀਂ ਕੀਤਾ ਜਾ ਸਕਦਾ ਜਦੋਂ ਤੱਕ ਫ਼ੋਨ ਇੰਟਰਵਿਊ ਪੂਰਾ ਨਹੀਂ ਹੋ ਜਾਂਦਾ ਅਤੇ EDD ਤੁਹਾਡੀ ਯੋਗਤਾ ਨਿਰਧਾਰਿਤ ਕਰਦਾ ਹੈ।

ਤੁਹਾਨੂੰ ਜਾਣਕਾਰੀ ਇਕੱਤਰ ਕਰਨ, ਗਵਾਹਾਂ ਨਾਲ ਸੰਪਰਕ ਕਰਨ ਜਾਂ ਨੁਮਾਇੰਦੇ ਦੀ ਸਲਾਹ ਪ੍ਰਾਪਤ ਕਰਨ ਲਈ ਵੱਧ ਸਮੇਂ ਦੀ ਮੰਗ ਕਰਨ ਦਾ ਅਧਿਕਾਰ ਹੁੰਦਾ ਹੈ। ਜੇਕਰ ਯੋਗਤਾ ਦੇ ਮੁੱਦੇ ਵਿੱਚ ਰੁਜ਼ਗਾਰਦਾਤਾ ਸ਼ਾਮਲ ਹੁੰਦਾ ਹੈ, ਤਾਂ EDD ਰੁਜ਼ਗਾਰਦਾਤਾ ਨੂੰ ਸੰਪਰਕ ਕਰ ਸਕਦਾ ਹੈ।

ਜੇਕਰ ਤੁਹਾਨੂੰ ਹੋਰ ਜਾਣਕਾਰੀ ਲਈ ਲਿਖਤੀ ਬੇਨਤੀ ਭੇਜੀ ਜਾਂਦੀ ਹੈ ਅਤੇ ਤੁਸੀਂ ਡਾਕ ਰਾਹੀਂ ਜਵਾਬ ਦਿੰਦੇ ਹੋ, ਤਾਂ EDD ਦਾ ਇੰਟਰਵਿਊ ਲੈਣ ਵਾਲਾ ਤੁਹਾਡੀ ਯੋਗਤਾ ਨਿਰਧਾਰਿਤ ਕਰਨ ਲਈ ਪ੍ਰਦਾਨ ਕੀਤੀ ਜਾਣਕਾਰੀ ਦੀ ਵਰਤੋਂ ਕਰੇਗਾ।

ਜੇਕਰ ਦਾਅਵੇ ਨੂੰ ਸਥਾਪਿਤ ਕਰਨ ਲਈ ਨਾਕਾਫ਼ੀ ਤਨਖ਼ਾਹਾਂ ਸਮੇਤ, ਤੁਹਾਡੇ ਪੂਰੇ ਦਾਅਵੇ ਦੇ ਦੌਰਾਨ ਕਿਸੇ ਵੀ ਵਜ੍ਹਾ ਕਰਕੇ ਤੁਹਾਨੂੰ ਲਾਭਾਂ ਤੋਂ ਵੰਚਿਤ ਕੀਤਾ ਜਾਂਦਾ ਹੈ, ਤਾਂ *ਨਿਰਧਾਰਨ ਦੀ ਇੱਕ ਲਿਖਤੀ ਸੂਚਨਾ* (DE 1080CZ) ਤੁਹਾਨੂੰ ਡਾਕ ਰਾਹੀਂ ਭੇਜੀ ਜਾਵੇਗੀ ਜਿਸ ਵਿੱਚ ਅਪੀਲ ਅਧਿਕਾਰਾਂ ਦੇ ਨਾਲ ਕਾਰਨ ਬਾਰੇ ਦੱਸਿਆ ਹੋਵੇਗਾ।

**ਮਹੱਤਵਪੂਰਨ:** ਜੇਕਰ ਤੁਸੀਂ ਇੰਟਰਵਿਊ ਲਈ ਉਪਲਬਧ ਨਹੀਂ ਹੁੰਦੇ ਜਾਂ ਲੋੜੀਂਦੀ ਜਾਣਕਾਰੀ ਜਮ੍ਹਾਂ ਨਹੀਂ ਕਰਵਾਉਂਦੇ ਤਾਂ ਤੁਹਾਡੇ ਲਾਭਾਂ ਵਿੱਚ ਦੇਰੀ ਕੀਤੀ ਜਾ ਸਕਦੀ ਹੈ ਜਾਂ ਇਨਕਾਰ ਕੀਤਾ ਜਾ ਸਕਦਾ ਹੈ। EDD ਉਪਲਬਧ ਜਾਣਕਾਰੀ ਦੇ ਅਧਾਰ 'ਤੇ ਯੋਗਤਾ ਦਾ ਫ਼ੈਸਲਾ ਕਰੇਗਾ।

## ਅਪੀਲ ਸੰਬੰਧੀ ਪ੍ਰਕਿਰਿਆ

ਜੇਕਰ ਤੁਹਾਨੂੰ UI ਲਾਭਾਂ ਤੋਂ ਇਨਕਾਰ ਕੀਤਾ ਜਾਂਦਾ ਹੈ, ਤਾਂ ਤੁਹਾਨੂੰ *ਅਪੀਲ ਫਾਰਮ* (DE 1000M) ਪੂਰਾ ਕਰਕੇ ਅਤੇ ਡਾਕ ਰਾਹੀਂ ਭੇਜ ਕੇ ਫ਼ੈਸਲੇ ਦੀ ਅਪੀਲ ਕਰਨ ਦਾ ਕਨੂੰਨੀ ਅਧਿਕਾਰ ਹੁੰਦਾ ਹੈ। ਸਮੇਂ ਸਿਰ ਵਿਚਾਰ ਕਰਨ ਲਈ, ਇਸ ਨੂੰ *ਨਿਰਧਾਰਨ ਦੀ ਸੂਚਨਾ* (DE 1080CZ) ਦੀ ਡਾਕ ਮਿਤੀ ਤੋਂ 30 ਕੈਲੰਡਰ ਦਿਨਾਂ ਦੇ ਅੰਦਰ ਡਾਕ ਰਾਹੀਂ ਭੇਜਿਆ ਜਾਣਾ ਚਾਹੀਦਾ ਹੈ। ਜੇਕਰ ਤੁਸੀਂ 30-ਦਿਨਾਂ ਦੀ ਸਮਾਂ-ਸੀਮਾ ਤੋਂ ਖੁੰਝ ਜਾਂਦੇ ਹੋ, ਤਾਂ ਤੁਸੀਂ ਹੁਣ ਵੀ ਅਪੀਲ ਕਰ ਸਕਦੇ ਹੋ ਪਰ ਤੁਹਾਨੂੰ ਦੇਰੀ ਦਾ ਇੱਕ ਚੰਗਾ ਕਾਰਨ ਦੱਸਣਾ ਚਾਹੀਦਾ ਹੈ।

ਤੁਹਾਡੀ ਅਪੀਲ 'ਤੇ ਇੱਕ ਸੁਤੰਤਰ ਪ੍ਰਸ਼ਾਸਨਿਕ ਕਨੂੰਨੀ ਜੱਜ ਦੁਆਰਾ ਸੁਣਵਾਈ ਕੀਤੀ ਜਾਵੇਗੀ। ਸੁਣਵਾਈਆਂ ਗੈਰ-ਰਸਮੀ ਹੁੰਦੀਆਂ ਹਨ, ਪਰ ਸਾਰੀ ਗਵਾਹੀ ਸਹੁੰ ਦੇ ਅਧੀਨ ਲਈ ਜਾਂਦੀ ਹੈ ਅਤੇ ਕਰਾਸ-ਜਾਂਚ ਦੇ ਅਧੀਨ ਹੁੰਦੀ ਹੈ। ਅਪੀਲ ਦਾ ਦਫ਼ਤਰ ਤੁਹਾਨੂੰ ਸੂਚਿਤ ਕਰੇਗਾ ਕਿ ਸੁਣਵਾਈ ਕਦੋਂ ਅਤੇ ਕਿੱਥੇ ਹੋਵੇਗੀ।

ਸੁਣਵਾਈ ਤੋਂ ਪਹਿਲਾਂ, ਤੁਹਾਨੂੰ ਤੁਹਾਡੀ ਅਪੀਲ ਨੂੰ ਪ੍ਰਭਾਵਿਤ ਕਰਨ ਵਾਲੇ ਸਾਰੇ ਰਿਕਾਰਡਾਂ ਦੀ ਸਮੀਖਿਆ ਕਰਨ ਦਾ ਅਧਿਕਾਰ ਹੈ। ਉਹ ਰਿਕਾਰਡ ਕੈਲੀਫੋਰਨੀਆ ਬੇਰੁਜ਼ਗਾਰੀ ਬੀਮਾ ਅਪੀਲ ਬੋਰਡ (CUIAB) ਦੁਆਰਾ ਪ੍ਰਦਾਨ ਕੀਤੇ ਗਏ ਹਨ। ਤੁਸੀਂ ਆਪਣੀ ਸੁਣਵਾਈ ਦੀ ਤਿਆਰੀ ਵਾਸਤੇ EDD ਤੋਂ ਰਿਕਾਰਡਾਂ ਦੀ ਬੇਨਤੀ ਕਰ ਸਕਦੇ ਹੋ।

ਸੁਣਵਾਈ ਸਮੇਂ, ਤੁਹਾਡੀ ਨੁਮਾਇੰਦਗੀ ਖੁਦ ਦੁਆਰਾ, ਯੂਨੀਅਨ ਅਧਿਕਾਰੀ, ਵਕੀਲ ਜਾਂ ਤੁਹਾਡੇ ਦੁਆਰਾ ਚੁਣੇ ਗਏ ਕਿਸੇ ਹੋਰ ਵਿਅਕਤੀ ਦੁਆਰਾ ਕੀਤੀ ਜਾ ਸਕਦੀ ਹੈ। ਆਪਣੇ ਕੇਸ ਦਾ ਸਮਰਥਨ ਕਰਨ ਲਈ ਤੁਸੀਂ ਕੋਈ ਵੀ ਸੰਬੰਧਿਤ ਦਸਤਾਵੇਜ਼ ਨਾਲ ਲਿਆ ਸਕਦੇ ਹੋ।

ਸੁਣਵਾਈ ਤੋਂ ਬਾਅਦ, ਤੁਹਾਨੂੰ ਪ੍ਰਸ਼ਾਸਨਿਕ ਕਨੂੰਨੀ ਜੱਜ ਦਾ ਫੈਸਲਾ ਡਾਕ ਰਾਹੀਂ ਭੇਜਿਆ ਜਾਂਦਾ ਹੈ। ਜੇਕਰ ਤੁਸੀਂ ਸੰਤੁਸ਼ਟ ਨਹੀਂ ਹੋ, ਤਾਂ ਤੁਸੀਂ CUIAB ਨੂੰ ਦੂਜੇ ਪੱਧਰ ਦੀ ਅਪੀਲ ਸਪੁਰਦ ਕਰ ਸਕਦੇ ਹੋ।

ਮੌਜੂਦਾ ਕੇਸ ਸਟੱਡੀ ਸਮੇਤ UI ਕੋਡ ਅਪਲਾਈ ਕਰਨ ਬਾਰੇ ਜਾਣਕਾਰੀ ਲਈ, ਔਨਲਾਈਨ Benefit Determination Guide (edd.ca.gov/uibdg) ਦੇਖੋ।

**ਮਹੱਤਵਪੂਰਨ:** ਜਦੋਂ ਤੁਹਾਡਾ ਦਾਅਵਾ ਅਪੀਲ ਦੇ ਅਧੀਨ ਹੋਵੇ, ਤਾਂ ਤੁਹਾਨੂੰ ਲਾਭਾਂ ਨੂੰ ਪ੍ਰਮਾਣਿਤ ਕਰਨਾ ਜਾਰੀ ਰੱਖਣਾ ਪਵੇਗਾ। ਜੇਕਰ ਮੂਲ ਫ਼ੈਸਲਾ ਉਲਟਾ ਦਿੱਤਾ ਜਾਂਦਾ ਹੈ, ਤਾਂ EDD ਜਲਦੀ ਹੀ ਤੁਹਾਨੂੰ ਸਾਰੇ ਬੈਕ ਭੁਗਤਾਨ ਜਾਰੀ ਕਰ ਸਕਦਾ ਹੈ। **ਪਾਲਣਾ ਕਰਨ ਵਿੱਚ ਅਸਫ਼ਲ ਰਹਿਣ ਦੇ ਨਤੀਜੇ ਵਜੋਂ ਤੁਹਾਡੇ ਲਾਭਾਂ ਨੂੰ ਅਸਵੀਕਾਰ ਕੀਤਾ ਜਾ ਸਕਦਾ ਹੈ ਜਾਂ ਦੇਰੀ ਹੋ ਸਕਦੀ ਹੈ।**

## ਦਾਅਵਾ ਰੱਦ ਕਰਨਾ

ਜੇਕਰ ਤੁਸੀਂ ਹੇਠਾਂ ਦਿੱਤੇ **ਸਾਰੇ** ਮਾਪਦੰਡ ਨੂੰ ਪੂਰਾ ਕਰਦੇ ਹੋ ਤਾਂ ਤੁਸੀਂ ਦਾਅਵਾ ਰੱਦ ਕਰ ਸਕਦੇ ਹੋ:

- ਕੋਈ ਲਾਭ ਨਹੀਂ ਦਿੱਤਾ ਗਿਆ ਹੈ।
- ਯੋਗਤਾ ਸੰਬੰਧੀ ਕਿਸੇ ਵੀ ਸਮੱਸਿਆ ਕਾਰਨ ਤੁਸੀਂ ਲਾਭਾਂ ਲਈ ਅਯੋਗ ਨਹੀਂ ਹੋ।
- ਦਾਅਵੇ 'ਤੇ ਓਵਰਪੇਮੈਂਟ ਸਥਾਪਿਤ ਨਹੀਂ ਕੀਤਾ ਗਿਆ ਹੈ।
- ਤੁਸੀਂ 52-ਹਫ਼ਤਿਆਂ ਦੇ ਲਾਭ ਸਾਲ ਦੇ ਖ਼ਤਮ ਹੋਣ ਤੋਂ ਪਹਿਲਾਂ EDD ਨੂੰ ਸੂਚਿਤ ਕਰ ਸਕਦੇ ਹੋ।

ਇੱਕ ਵਾਰ ਜਦੋਂ ਦਾਅਵਾ ਰੱਦ ਕਰ ਦਿੱਤਾ ਜਾਂਦਾ ਹੈ, ਤਾਂ ਇਸ ਨੂੰ ਉਸੇ ਸ਼ੁਰੂਆਤੀ ਮਿਤੀ ਦੇ ਨਾਲ ਫਿਰ ਤੋਂ ਸਥਾਪਿਤ ਨਹੀਂ ਕੀਤਾ ਜਾ ਸਕਦਾ। ਤੁਹਾਨੂੰ ਇੱਕ ਨਵਾਂ ਦਾਅਵਾ ਦਰਜ ਕਰਨਾ ਪਵੇਗਾ, ਜਿਸਦੀ ਸ਼ੁਰੂਆਤ ਦੀ ਮਿਤੀ ਬਾਅਦ ਵਿੱਚ ਹੋਵੇਗੀ।

## ਬੇਰੁਜ਼ਗਾਰੀ ਬੀਮਾ ਦੁਆਰਾ ਕਵਰ ਨਾ ਕੀਤੇ ਗਏ ਕਰਮਚਾਰੀ

ਕਰਮਚਾਰੀਆਂ ਦੇ ਹੇਠਾਂ ਦਿੱਤੇ ਸਮੂਹਾਂ ਨੂੰ ਸਧਾਰਨ ਰੂਪ ਵਿੱਚ ਕਵਰ ਨਹੀਂ ਕੀਤਾ ਜਾਂਦਾ:

- ਚੁਣਿੰਦੇ ਅਧਿਕਾਰੀ।
- ਸਵੈ-ਰੁਜ਼ਗਾਰ, ਜਦੋਂ ਤੱਕ ਵਿਕਲਪਿਕ ਕਵਰੇਜ਼ ਵਿੱਚ ਭਾਗ ਨਾ ਲਿਆ ਜਾਵੇ।
- ਦਾਖ਼ਲ ਹੋਏ ਅਤੇ ਨਿਯਮਿਤ ਤੌਰ 'ਤੇ ਉਸ ਸਕੂਲ ਜਾਂ ਸਿੱਖਿਆ ਸੰਸਥਾਨ ਵਿੱਚ ਕਲਾਸਾਂ ਵਿੱਚ ਹਾਜ਼ਰ ਹੋਣ ਵਾਲੇ ਵਿਦਿਆਰਥੀ ਜਿੱਥੇ ਉਨ੍ਹਾਂ ਨੂੰ ਨਿਯੁਕਤ ਕੀਤਾ ਗਿਆ ਹੈ।
- ਇੱਕ ਸੀਮਤ ਦੇਣਦਾਰੀ ਕੰਪਨੀ (LLC) ਦੇ ਮੈਂਬਰ ਜਿਨ੍ਹਾਂ ਨੂੰ ਫੈਡਰਲ ਇਨਕਮ ਟੈਕਸ ਰਿਪੋਰਟਿੰਗ ਉਦੇਸ਼ਾਂ ਲਈ ਇੱਕ ਭਾਈਵਾਲੀ ਵਜੋਂ ਮੰਨਿਆ ਜਾਂਦਾ ਹੈ।
- ਇੱਕ ਵਿਦਿਆਰਥੀ ਦਾ ਜੀਵਨਸਾਥੀ ਜੋ ਵਿਦਿਆਰਥੀ ਦੀ ਵਿੱਤੀ ਸਹਾਇਤਾ ਦੇ ਉਦੇਸ਼ ਲਈ ਪ੍ਰਦਾਨ ਕੀਤੇ ਗਏ ਇੱਕ ਰੁਜ਼ਗਾਰ ਪ੍ਰੋਗਰਾਮ ਵਿੱਚ ਇੱਕ ਵਿੱਦਿਅਕ ਸੰਸਥਾ ਲਈ ਕੰਮ ਕਰ ਰਿਹਾ ਹੈ।
- ਆਪਣੇ ਬੱਚਿਆਂ ਦੁਆਰਾ ਨਿਯੋਜਿਤ ਮਾਤਾ-ਪਿਤਾ।
- ਇੱਕ-ਦੂਜੇ ਦੁਆਰਾ ਨਿਯੋਜਿਤ ਪਤਿ ਅਤੇ ਪਤਨੀ।
- ਕੁੱਝ ਰਾਜ ਦੁਆਰਾ ਲਾਇਸੈਂਸ ਦਿੱਤੇ ਵਿਕਰੇਤਾ ਜਿਨ੍ਹਾਂ ਨੂੰ ਕਮੀਸ਼ਨ ਦੁਆਰਾ ਹੀ ਭੁਗਤਾਨ ਕੀਤਾ ਜਾਂਦਾ ਹੈ।
- ਕੈਡੀਜ਼ ਅਤੇ ਜੌਕੀਜ਼।

ਜੇਕਰ ਤੁਹਾਨੂੰ ਨਹੀਂ ਪਤਾ ਕਿ ਤੁਸੀਂ ਕਵਰ ਹੋ ਜਾਂ ਨਹੀਂ, ਤਾਂ ਆਪਣੇ ਅਧਿਕਾਰਾਂ ਦਾ ਤਿਆਗ ਨਾ ਕਰੋ। ਹੋਰ ਜਾਣਕਾਰੀ ਲਈ EDD ਨੂੰ ਸੰਪਰਕ ਕਰੋ।

## ਵਿਕਲਪਿਕ ਕਵਰੇਜ

ਕੁੱਝ ਸ਼ਰਤਾਂ ਦੇ ਤਹਿਤ, ਜਿਨ੍ਹਾਂ ਵਿਅਕਤੀਆਂ ਦੀਆਂ ਸੇਵਾਵਾਂ ਸ਼ਾਮਲ ਨਹੀਂ ਹਨ ਉਨ੍ਹਾਂ ਸੇਵਾਵਾਂ ਨੂੰ ਕਵਰ ਕਰਨ ਦੀ ਚੋਣ ਕਰ ਸਕਦੇ ਹਨ। ਜੇਕਰ ਤੁਸੀਂ ਯਕੀਨੀ ਨਹੀਂ ਹੋ ਕਿ ਤੁਸੀਂ ਇਨ੍ਹਾਂ ਲਾਭਾਂ ਲਈ ਯੋਗ ਹੋ ਜਾਂ ਨਹੀਂ, ਤਾਂ EDD ਨੂੰ ਸੰਪਰਕ ਕਰੋ।

## ਦਾਅਵੇ ਦੇ ਪ੍ਰਿੰਟ ਆਉਟ ਦੀ ਬੇਨਤੀ ਕਰਨਾ

ਤੁਸੀਂ ਹੇਠਾਂ ਦਿੱਤੇ ਤਰੀਕਿਆਂ ਵਿੱਚੋਂ ਕਿਸੇ ਇੱਕ ਦੀ ਵਰਤੋਂ ਕਰਕੇ ਆਪਣੇ ਦਾਅਵੇ ਦੇ ਪ੍ਰਿੰਟ ਆਉਟ ਦੀ ਬੇਨਤੀ ਕਰ ਸਕਦੇ ਹੋ:

- UI Online (edd.ca.gov/UI_Online) 'ਤੇ ਜਾ ਕੇ ਖਾਤਾ ਬਣਾਓ। **ਦਾਅਵਾ ਇਤਿਹਾਸ** ਚੁਣੋ ਅਤੇ ਪ੍ਰਿੰਟ ਕਰੋ।
- EDD ਨੂੰ 1-800-300-5616 'ਤੇ ਕਾਲ ਕਰੋ।

## ਸਪੈਸ਼ਲ ਪ੍ਰੋਗਰਾਮ

### ਕੈਲੀਫੋਰਨੀਆ ਟ੍ਰੇਨਿੰਗ ਬੈਨੀਫਿਟ (CTB)

ਜੇਕਰ ਤੁਸੀਂ UI ਲਾਭ ਪ੍ਰਾਪਤ ਕਰਦੇ ਹੋਏ ਸਕੂਲ ਜਾਂ ਸਿਖਲਾਈ ਪ੍ਰਾਪਤ ਕਰਨ ਜਾ ਰਹੇ ਹੋ, ਤਾਂ ਤੁਸੀਂ CTB ਲਈ ਯੋਗ ਹੋ ਸਕਦੇ ਹੋ।

ਜੇਕਰ ਯੋਗ ਹੋ, ਤਾਂ ਤੁਸੀਂ ਅੱਜ ਦੇ ਲੇਬਰ ਬਜ਼ਾਰ ਵਿੱਚ ਵਧੇਰੇ ਪ੍ਰਤੀਯੋਗੀ ਬਣਨ ਲਈ EDD-ਪ੍ਰਵਾਨਿਤ ਸਿਖਲਾਈ ਜਾਂ ਸਕੂਲ ਪ੍ਰੋਗਰਾਮ ਵਿੱਚ ਸ਼ਾਮਲ ਹੁੰਦੇ ਹੋਏ ਆਪਣੀ ਸਿੱਖਿਆ ਨੂੰ ਅੱਗੇ ਵਧਾ ਸਕਦੇ ਹੋ, ਆਪਣੇ ਹੁਨਰ ਨੂੰ ਅੱਪਗ੍ਰੇਡ ਕਰ ਸਕਦੇ ਹੋ, ਅਤੇ/ਜਾਂ ਇੱਕ ਨਵਾਂ ਵਪਾਰ ਸਿੱਖ ਸਕਦੇ ਹੋ।

ਸਕੂਲ ਜਾਂ ਸਿਖਲਾਈ ਦੌਰਾਨ, ਤੁਹਾਨੂੰ ਕੰਮ ਲਈ ਉਪਲਬਧ ਹੋਣ, ਸਰਗਰਮੀ ਨਾਲ ਕੰਮ ਲੱਭਣ, ਅਤੇ ਕੰਮ ਸਵੀਕਾਰ ਕਰਨ ਦੀਆਂ ਲੋੜਾਂ ਤੋਂ ਛੋਟ ਦਿੱਤੀ ਜਾਵੇਗੀ। ਤੁਸੀਂ ਲਾਭ ਦੇ ਵਾਧੂ ਹਫ਼ਤਿਆਂ ਲਈ ਯੋਗ ਹੋ ਸਕਦੇ ਹੋ। ਤੁਸੀਂ California Training Benefits (edd.ca.gov/unemployment/California_Training_Benefits.htm) 'ਤੇ ਜਾ ਕੇ ਔਨਲਾਈਨ ਹੋਰ ਜਾਣ ਸਕਦੇ ਹੋ।

**ਧਿਆਨ ਦਿਓ:** EDD ਕਿਸੇ ਵੀ ਸਿੱਖਿਅਕ ਜਾਂ ਸਿਖਲਾਈ-ਸੰਬੰਧਿਤ ਖ਼ਰਚਿਆਂ ਜਿਵੇਂ ਕਿ ਟਿਊਸ਼ਨ, ਫੀਸ, ਕਿਤਾਬਾਂ, ਸਪਲਾਈ ਜਾਂ ਟ੍ਰਾਂਸਪੋਰਟੇਸ਼ਨ ਨੂੰ ਕਵਰ **ਨਹੀਂ** ਕਰਦਾ। ਹਾਲਾਂਕਿ, ਕਈ ਰਾਜ, ਸੰਘੀ ਜਾਂ ਨਿਯੋਕਤਾ ਪ੍ਰੋਗਰਾਮ ਹਨ ਜੋ ਤੁਹਾਡੇ ਸਕੂਲ ਜਾਂ ਸਿਖਲਾਈ ਨੂੰ ਫੰਡ ਦੇ ਸਕਦੇ ਹਨ।

### ਟ੍ਰੇਨਿੰਗ ਐਕਸਟੈਂਸ਼ਨ (TE)

TE ਸਕੂਲ ਜਾਂ ਸਿਖਲਾਈ ਪੂਰੀ ਕਰਦੇ ਸਮੇਂ ਉਨ੍ਹਾਂ ਵਿਅਕਤੀਆਂ ਨੂੰ ਵਾਧੂ ਲਾਭ ਪ੍ਰਦਾਨ ਕਰਦਾ ਹੈ ਜਿਨ੍ਹਾਂ ਨੂੰ CTB ਲਈ ਮਨਜ਼ੂਰੀ ਦਿੱਤੀ ਗਈ ਹੈ। ਹਰੇਕ CTB-ਪ੍ਰਵਾਨਿਤ ਸਿਖਲਾਈ ਅਵਧੀ ਲਈ ਸਿਰਫ਼ ਇੱਕ TE ਦੀ ਇਜਾਜ਼ਤ ਹੈ।

ਜੇਕਰ ਤੁਸੀਂ ਚਾਹੁੰਦੇ ਹੋ, ਤਾਂ ਤੁਹਾਨੂੰ 16 ਹਫ਼ਤੇ UI ਲਾਭ ਪ੍ਰਾਪਤ ਕਰਨ ਤੋਂ ਪਹਿਲਾਂ TE ਬਾਰੇ ਪੁੱਛਗਿੱਛ ਕਰਨ ਲਈ EDD ਨਾਲ ਸੰਪਰਕ ਕਰਨਾ ਚਾਹੀਦਾ ਹੈ। ਉਨ੍ਹਾਂ ਦਾਅਵਿਆਂ ਲਈ ਜਿਨ੍ਹਾਂ ਵਿੱਚ 16 ਹਫ਼ਤਿਆਂ ਤੋਂ ਘੱਟ ਦੇ ਲਾਭ ਹਨ, ਤਾਂ ਤੁਹਾਨੂੰ ਦਾਅਵਾ ਜ਼ੀਰੋ ਬੈਲੇਂਸ ਤੱਕ ਪਹੁੰਚਣ ਤੋਂ ਪਹਿਲਾਂ ਤੁਹਾਨੂੰ EDD ਨਾਲ **ਲਾਜ਼ਮੀ** ਹੀ ਸੰਪਰਕ ਕਰਨਾ ਹੋਵੇਗਾ।

### ਬਿਪਤਾ ਬੇਰੁਜ਼ਗਾਰੀ ਸਹਾਇਤਾ (DUA)

ਫੈਡਰਲ DUA ਪ੍ਰੋਗਰਾਮ ਉਨ੍ਹਾਂ ਵਿਅਕਤੀਆਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਦਾ ਹੈ ਜਿਨ੍ਹਾਂ ਦਾ ਰੁਜ਼ਗਾਰ ਜਾਂ ਸਵੈ-ਰੁਜ਼ਗਾਰ ਕਿਸੇ ਵੱਡੀ ਬਿਪਤਾ ਦੇ ਸਿੱਧੇ ਨਤੀਜੇ ਵਜੋਂ ਖ਼ਤਮ ਹੋ ਗਿਆ ਹੈ ਜਾਂ ਵਿਘਨ ਪੈ ਗਿਆ ਹੈ ਅਤੇ ਜੋ ਨਿਯਮਿਤ UI ਲਾਭਾਂ ਲਈ ਯੋਗ **ਨਹੀਂ** ਹਨ। ਇਹ ਲਾਭ ਉਦੋਂ ਹੀ ਉਪਲਬਧ ਹੁੰਦੇ ਹਨ ਜਦੋਂ ਸੰਯੁਕਤ ਰਾਜ ਦੇ ਰਾਸ਼ਟਰਪਤੀ ਕਿਸੇ ਵੱਡੀ ਬਿਪਤਾ ਦਾ ਐਲਾਨ ਕਰਦੇ ਹਨ ਅਤੇ ਇਹ ਵਿਸ਼ੇਸ਼ ਸਹਾਇਤਾ ਉਪਲਬਧ ਕਰਾਉਂਦੇ ਹਨ।

ਜੇਕਰ DUA ਲਾਭ ਉਪਲਬਧ ਹੁੰਦੇ ਹਨ, ਤਾਂ ਜਾਣਕਾਰੀ EDD ਵੈੱਬਸਾਈਟ (edd.ca.gov) 'ਤੇ ਪੋਸਟ ਕੀਤੀ ਜਾਵੇਗੀ।

### ਟ੍ਰੇਡ ਅਡਜਸਟਮੈਂਟ ਸਹਾਇਤਾ (TAA)/ਮੁੜ-ਰੁਜ਼ਗਾਰ ਟ੍ਰੇਡ ਅਡਜਸਟਮੈਂਟ ਸਹਾਇਤਾ (RTAA)

TAA ਪ੍ਰੋਗਰਾਮ ਇੱਕ ਸੰਘੀ ਫੰਡ ਪ੍ਰਾਪਤ ਪ੍ਰੋਗਰਾਮ ਹੈ ਜੋ ਸੰਯੁਕਤ ਰਾਜ ਦੁਆਰਾ ਪ੍ਰਮਾਣਿਤ ਕਰਮਚਾਰੀਆਂ ਨੂੰ ਸਿਖਲਾਈ ਅਤੇ ਸਿਖਲਾਈ-ਸੰਬੰਧਤ ਲਾਭ ਅਤੇ ਸੇਵਾਵਾਂ ਪ੍ਰਦਾਨ ਕਰਦਾ ਹੈ ਕਿਉਂਕਿ ਉਨ੍ਹਾਂ ਨੇ ਆਪਣੀਆਂ ਨੌਕਰੀਆਂ ਗੁਆ ਦਿੱਤੀਆਂ ਹਨ ਜਾਂ ਵਿਦੇਸ਼ ਵਿੱਚ ਉਤਪਾਦਨ

ਸ਼ਿਫਟ ਹੋਣ ਕਰਕੇ ਜਾਂ ਉੱਥੇ ਆਯਾਤ ਵਧਣ ਦੇ ਨਤੀਜੇ ਵਜੋਂ ਉਨ੍ਹਾਂ ਦੇ ਘੰਟੇ ਅਤੇ ਤਨਖ਼ਾਹਾਂ ਘਟਾ ਦਿੱਤੀਆਂ ਹਨ।

RTAA ਪ੍ਰੋਗਰਾਮ 50 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਵਿਅਕਤੀਆਂ ਨੂੰ ਮਜ਼ਦੂਰੀ ਸਬਸਿਡੀ ਪ੍ਰਦਾਨ ਕਰਦਾ ਹੈ ਜੋ ਆਪਣੇ ਪੁਰਾਣੇ ਵਪਾਰ ਪ੍ਰਭਾਵਿਤ ਰੁਜ਼ਗਾਰ ਤੋਂ ਘੱਟ ਭੁਗਤਾਨ ਕਰਕੇ ਕੰਮ 'ਤੇ ਵਾਪਸ ਆਉਂਦੇ ਹਨ।

## ਵਧਾਏ ਗਏ ਲਾਭ

ਵਿਸਤ੍ਰਿਤ ਲਾਭ ਉਨ੍ਹਾਂ ਕਰਮਚਾਰੀਆਂ ਲਈ ਉਪਲਬਧ ਹੁੰਦੇ ਹਨ ਜਿਨ੍ਹਾਂ ਨੇ ਨਿਯਮਿਤ ਬੇਰੁਜ਼ਗਾਰੀ ਬੀਮੇ ਦੇ ਲਾਭਾਂ ਨੂੰ ਖ਼ਤਮ ਕਰ ਦਿੱਤਾ ਹੈ ਜਦੋਂ ਬੇਰੁਜ਼ਗਾਰੀ ਦੀ ਦਰ ਰਾਜ ਅਤੇ/ਜਾਂ ਸੰਘੀ ਕਨੂੰਨ ਦੁਆਰਾ ਸਥਾਪਤ ਇੱਕ ਨਿਸ਼ਚਿਤ ਪ੍ਰਤੀਸ਼ਤ ਦੇ ਬਰਾਬਰ ਜਾਂ ਵੱਧ ਜਾਂਦੀ ਹੈ ਜਾਂ ਜਦੋਂ ਸੰਘੀ ਸਰਕਾਰ ਵਿਸ਼ੇਸ਼ ਵਿਸਤ੍ਰਿਤ ਲਾਭ ਕਨੂੰਨ ਨੂੰ ਮਨਜ਼ੂਰੀ ਦਿੰਦੀ ਹੈ।

## ਰੇਲਰੋਡ ਬੇਰੁਜ਼ਗਾਰੀ ਲਾਭ

ਰੇਲਰੋਡ ਕਰਮਚਾਰੀ ਸੰਯੁਕਤ ਰਾਜ ਰੇਲਰੋਡ ਬੇਰੁਜ਼ਗਾਰੀ ਬੀਮਾ ਅਧਿਨਿਯਮ ਦੇ ਅਧੀਨ ਲਾਭਾਂ ਦਾ ਦਾਅਵਾ ਕਰ ਸਕਦੇ ਹਨ। ਇਸ ਪ੍ਰੋਗਰਾਮ ਦਾ ਸੰਚਾਲਨ ਸੰਯੁਕਤ ਰਾਜ ਰੇਲਰੋਡ ਰਿਟਾਇਰਮੈਂਟ ਬੋਰਡ (RRB) ਦੁਆਰਾ ਕੀਤਾ ਜਾਂਦਾ ਹੈ।

ਦਾਅਵਾ ਦਰਜ ਕਰਨ ਲਈ, RRB ਨੁਮਾਇੰਦੇ ਨਾਲ ਗੱਲਬਾਤ ਕਰਨ ਲਈ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9 ਵਜੇ ਤੋਂ ਲੈ ਕੇ 3:30 ਦੇ ਵਿਚਕਾਰ 1-877-772-5772 ਦੇ ਟੋਲ-ਫ੍ਰੀ ਨੰਬਰ 'ਤੇ ਕਾਲ ਕਰੋ ਜਾਂ RRB (rrb.gov) 'ਤੇ ਜਾ ਕੇ ਔਨਲਾਈਨ ਦਰਜ ਕਰਵਾਓ।

## ਬੇਰੁਜ਼ਗਾਰੀ ਬੀਮਾ ਧੋਖਾਧੜੀ ਦੀ ਰੋਕਥਾਮ ਅਤੇ ਜਾਂਚ

EDD ਵਿਅਕਤੀਗਤ ਅਤੇ ਗੋਪਨੀਯਤਾ ਜਾਣਕਾਰੀ ਨੂੰ ਗੰਭੀਰਤਾ ਨਾਲ ਲੈਂਦਾ ਹੈ। ਇਸ ਲਈ, ਸਾਨੂੰ ਸਬਮਿਟ ਕੀਤਾ ਸਾਰਾ ਡੇਟਾ ਇਨਕ੍ਰਿਪਟ ਕੀਤਾ ਜਾਂਦਾ ਹੈ। ਤੁਹਾਡੀ ਵਿਅਕਤੀਗਤ ਜਾਣਕਾਰੀ ਨੂੰ ਇਮਪੋਸਟਰ ਧੋਖਾਧੜੀ ਅਤੇ ਪਛਾਣ ਦੀ ਚੋਰੀ ਤੋਂ ਬਚਾਉਣ ਲਈ ਵਾਧੂ ਸੁਰੱਖਿਆ ਉਪਾਅ ਕੀਤੇ ਜਾਂਦੇ ਹਨ।

ਇਮਪੋਸਟਰ ਧੋਖਾਧੜੀ ਓਦੋਂ ਹੁੰਦੀ ਹੈ ਜਦੋਂ ਕੋਈ ਵਿਅਕਤੀ ਜਾਣ-ਬੁੱਝ ਕੇ ਕਿਸੇ ਦੂਜੇ ਵਿਅਕਤੀ ਦੇ ਰੁਜ਼ਗਾਰ ਜਾਂ ਵਿਅਕਤੀਗਤ ਜਾਣਕਾਰੀ ਦੀ ਵਰਤੋਂ ਕਰਕੇ UI ਦਾਅਵਾ ਦਰਜ ਕਰਾਉਂਦਾ ਹੈ। EDD ਸਰਗਰਮ ਰੂਪ ਵਿੱਚ ਇਮਪੋਸਟਰ ਧੋਖਾਧੜੀ ਦੇ ਮਾਮਲਿਆਂ ਦੀ ਜਾਂਚ ਕਰਦਾ ਹੈ ਅਤੇ ਵੈਧ ਦਾਅਵੇਦਾਰਾਂ ਦੀ ਪਛਾਣ ਦੀ ਸੁਰੱਖਿਆ ਦਾ ਵਾਅਦਾ ਕਰਦਾ ਹੈ।

ਜੇਕਰ EDD ਨੂੰ ਸੰਦੇਹ ਹੁੰਦਾ ਹੈ ਕਿ ਪਛਾਣ ਸੰਬੰਧੀ ਸਮੱਸਿਆਵਾਂ ਹੋ ਸਕਦੀਆਂ ਹਨ, ਤਾਂ ਪ੍ਰਦਾਨ ਕੀਤੀ ਗਈ ਜਾਣਕਾਰੀ ਨੂੰ ਪ੍ਰਮਾਣਿਤ ਕਰਨ ਲਈ ਤੁਹਾਨੂੰ ਲਿਖਤੀ ਬੇਨਤੀ ਭੇਜੀ ਜਾਵੇਗੀ। ਅਸੀਂ ਤੁਹਾਡੇ ਦੁਆਰਾ ਪ੍ਰਦਾਨ ਕੀਤੇ ਗਏ ਦਸਤਾਵੇਜ਼ਾਂ ਅਤੇ ਕਿਸੇ ਵੀ ਜਾਣਕਾਰੀ ਦੀ ਤਸਦੀਕ ਕਰਨ ਲਈ ਤੁਹਾਡੇ ਪੁਰਾਣੇ ਰੁਜ਼ਗਾਰਦਾਤਾ ਅਤੇ ਸਰਕਾਰੀ ਸੰਸਥਾਵਾਂ ਨੂੰ ਸੰਪਰਕ ਕਰਾਂਗੇ।

ਹੋਰ ਜਾਣਕਾਰੀ ਲਈ, *Protect Your Identity and Stop Unemployment Insurance Imposter Fraud* (DE 2360EE) (PDF) ਬ੍ਰੋਸ਼ਰ (edd.ca.gov/pdf_pub_ctr/de2360ee.pdf) ਡਾਊਨਲੋਡ ਕਰੋ।

UI ਧੋਖਾਧੜੀ ਦੀ ਰਿਪੋਰਟ ਕਰਨ ਲਈ, Ask EDD (askedd.edd.ca.gov) 'ਤੇ ਜਾਓ ਅਤੇ ਔਨਲਾਈਨ ਧੋਖਾਧੜੀ ਦੀ ਰਿਪੋਰਟ ਕਰਨ ਵਾਲਾ ਫਾਰਮ ਸਬਮਿਟ ਕਰਾਉਣ ਲਈ **ਧੋਖਾਧੜੀ ਦੀ ਰਿਪੋਰਟ ਕਰੋ** ਚੁਣੋ ਜਾਂ EDD ਟੋਲ-ਫ੍ਰੀ ਧੋਖਾਧੜੀ ਹੌਟਲਾਈਨ ਨੂੰ 1-800-229-6297 'ਤੇ ਕਾਲ ਕਰੋ।

## ਜ਼ੁਰਮਾਨੇ

ਲਾਭ ਪ੍ਰਾਪਤ ਕਰਨ ਲਈ ਗਲਤ ਬਿਆਨ ਦੇਣਾ ਜਾਂ ਜਾਣਕਾਰੀ ਨੂੰ ਲੁਕਾਉਣਾ ਇੱਕ ਘੋਰ ਅਪਰਾਧ ਹੋ ਸਕਦਾ ਹੈ। ਸਜ਼ਾਵਾਂ ਵਿੱਚ ਲਾਭਾਂ ਦਾ ਨੁਕਸਾਨ, ਗ਼ਲਤ ਬਿਆਨ ਅਯੋਗਤਾ, ਅਤੇ/ਜਾਂ ਅਪਰਾਧਿਕ ਮੁਕੱਦਮਾ ਸ਼ਾਮਲ ਹੋ ਸਕਦਾ ਹੈ।

ਗ਼ਲਤ ਬਿਆਨ ਅਯੋਗਤਾ 2 ਤੋਂ 23 ਹਫ਼ਤਿਆਂ ਤੱਕ ਲਾਭਾਂ ਨੂੰ ਅਸਵੀਕਾਰ ਕਰਦੀ ਹੈ। ਅਯੋਗਤਾ ਤਿੰਨ ਸਾਲਾਂ ਤੱਕ ਜਾਂ ਸੇਵਾ ਦਿੱਤੇ ਜਾਣ ਤੱਕ ਜੋ ਵੀ ਪਹਿਲਾਂ ਹੋਵੇ, ਤੁਹਾਡੇ ਰਿਕਾਰਡ ਵਿੱਚ ਬਣੀ ਰਹਿੰਦੀ ਹੈ। ਗ਼ਲਤ ਬਿਆਨ ਦੇ ਹਫ਼ਤਿਆਂ ਨੂੰ ਪੂਰਾ ਕਰਨ ਲਈ, ਤੁਹਾਨੂੰ UI ਲਾਭਾਂ ਨੂੰ ਪ੍ਰਮਾਣਿਤ ਕਰਨਾ ਜਾਰੀ ਰੱਖਣਾ ਚਾਹੀਦਾ ਹੈ, ਅਤੇ ਹੋਰ ਸਾਰੀਆਂ ਯੋਗਤਾ ਜ਼ਰੂਰਤਾਂ ਨੂੰ ਪੂਰਾ ਕਰਨਾ ਚਾਹੀਦਾ ਹੈ। ਇਸ ਸਮੇਂ ਦੌਰਾਨ ਤੁਹਾਨੂੰ ਭੁਗਤਾਨ ਨਹੀਂ ਕੀਤਾ ਜਾਵੇਗਾ।

### ਲਾਭ ਔਡਿਟ

EDD ਇਹ ਨਿਰਧਾਰਤ ਕਰਨ ਲਈ ਕਿ ਕੀ ਇੱਕ ਦਾਅਵੇਦਾਰ ਨੇ UI ਲਾਭ ਇਕੱਤਰ ਕਰਦੇ ਸਮੇਂ EDD ਨੂੰ ਸਾਰੇ ਕੰਮ, ਤਨਖ਼ਾਹਾਂ ਅਤੇ ਹੋਰ ਆਮਦਨੀ ਦੀ ਸਹੀ ਢੰਗ ਨਾਲ ਰਿਪੋਰਟ ਕੀਤੀ ਹੈ ਜਾਂ ਨਹੀਂ, ਮਾਲਕ ਦੀ ਜਾਣਕਾਰੀ ਨੂੰ UI ਦਾਅਵੇ ਦੀ ਜਾਣਕਾਰੀ ਨਾਲ ਕ੍ਰਾਸ-ਰੈਫਰੈਂਸ ਕਰਕੇ ਔਡਿਟਾਂ ਦਾ ਸੰਚਾਲਨ ਕਰਦਾ ਹੈ। ਇਨ੍ਹਾਂ ਔਡਿਟਾਂ ਤੋਂ ਇਕੱਤਰ ਕੀਤੇ ਗਏ ਵਾਧੂ ਭੁਗਤਾਨ ਅਤੇ ਜੁਰਮਾਨੇ UI ਟਰੱਸਟ ਫੰਡ ਦੀ ਤਰਲਤਾ ਨੂੰ ਯਕੀਨੀ ਬਣਾਉਂਦੇ ਹਨ ਅਤੇ UI ਟੈਕਸਾਂ ਨੂੰ ਘਟਾਉਣ ਵਿੱਚ ਮਦਦ ਕਰਦੇ ਹਨ।

### ਸੋਸ਼ਲ ਸਕਿਉਰਿਟੀ ਨੰਬਰ ਪੁਸ਼ਟੀਕਰਨ

EDD ਲਈ ਤੁਹਾਨੂੰ ਸੋਸ਼ਲ ਸਿਕਿਉਰਿਟੀ ਐਡਮਿਨਿਸਟ੍ਰੇਸ਼ਨ (SSA) ਦੁਆਰਾ ਜਾਰੀ ਕੀਤੇ ਆਪਣੇ ਸੋਸ਼ਲ ਸਿਕਿਉਰਿਟੀ ਨੰਬਰ (SSN) ਦੀ ਪੁਸ਼ਟੀ ਕਰਨ ਦੀ ਲੋੜ ਹੋ ਸਕਦੀ ਹੈ।

ਲਾਭਾਂ ਲਈ ਤੁਹਾਡੀ ਯੋਗਤਾ ਪ੍ਰਭਾਵਿਤ ਹੋ ਸਕਦੀ ਹੈ ਜੇਕਰ:

- ਪ੍ਰਦਾਨ ਕੀਤਾ SSN ਕਿਸੇ ਹੋਰ ਵਿਅਕਤੀ ਨੂੰ ਸੌਂਪ ਦਿੱਤਾ ਗਿਆ ਹੈ ਜਾਂ ਕਿਸੇ ਹੋਰ ਵਿਅਕਤੀ ਨਾਲ ਸੰਬੰਧਿਤ ਹੈ।
- SSN ਵੈਧ ਨਹੀਂ ਹੈ।
- SSN ਕਦੇ ਵੀ SSA ਦੁਆਰਾ ਜਾਰੀ ਨਹੀਂ ਕੀਤਾ ਗਿਆ ਸੀ।
- ਬੇਸ ਪੀਰੀਅਡ ਵਿੱਚ ਤਨਖ਼ਾਹਾਂ ਕਿਸੇ ਹੋਰ ਵਿਅਕਤੀ ਨਾਲ ਸੰਬੰਧਿਤ ਹਨ।
- SSA 'ਤੇ ਜਨਮ ਮਿਤੀ ਉਸ ਜਨਮ ਮਿਤੀ ਤੋਂ ਵੱਖਰੀ ਹੈ ਜੋ ਤੁਸੀਂ ਆਪਣਾ ਦਾਅਵਾ ਦਾਇਰ ਕਰਨ ਵੇਲੇ ਦੱਸੀ ਸੀ।

ਜੇਕਰ EDD ਤੁਹਾਨੂੰ ਆਪਣੇ SSN ਦੀ ਪੁਸ਼ਟੀ ਕਰਨ ਦੀ ਮੰਗ ਕਰਦਾ ਹੈ, ਤਾਂ ਤੁਹਾਨੂੰ ਆਪਣੇ ਸਲਾਨਾ ਸਮਾਜਿਕ ਸੁਰੱਖਿਆ ਸਟੇਟਮੈਂਟ ਦੀ ਇੱਕ ਪੂਰੀ ਕਾਪੀ ਜਮ੍ਹਾਂ ਕਰਾਉਣ ਲਈ ਕਿਹਾ ਜਾ ਸਕਦਾ ਹੈ। ਆਪਣੇ ਪੂਰੇ ਕੀਤੇ ਸੋਸ਼ਲ ਸਿਕਿਉਰਿਟੀ ਬਿਆਨ ਦੀ ਕਾਪੀ ਪ੍ਰਾਪਤ ਕਰਨ ਲਈ ਔਨਲਾਈਨ SSA (ssa.gov) ‘ਤੇ ਜਾਓ।

ਤੁਹਾਡੇ ਸੋਸ਼ਲ ਸਿਕਿਉਰਿਟੀ ਕਾਰਡ ਦੀ ਇੱਕ ਕਾਪੀ ਇਸ ਜ਼ਰੂਰਤ ਨੂੰ ਪੂਰਾ ਨਹੀਂ ਕਰਦੀ।

## ਸਟੇਟ ਡਿਸੈਬਿਲਿਟੀ ਇੰਸ਼ੋਰੈਂਸ (SDI)

SDI ਵਿੱਚ ਵਿਕਲਾਂਗਤਾ ਬੀਮਾ (DI) ਅਤੇ ਪੇਡ ਫੈਮਿਲੀ ਲੀਵ (PFL) ਸ਼ਾਮਲ ਹੁੰਦੀ ਹੈ। ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਕੈਲੀਫੋਰਨੀਆ ਦੇ ਕਰਮਚਾਰੀਆਂ ਦੁਆਰਾ ਕਰਮਚਾਰੀ ਤਨਖ਼ਾਹ ਕਟੌਤੀਆਂ ਦੁਆਰਾ ਫੰਡ ਦਿੱਤਾ ਜਾਂਦਾ ਹੈ, ਜਿਸਨੂੰ ਪੇਸਟਬਸ 'ਤੇ CASDI ਵਜੋਂ ਨੋਟ ਕੀਤਾ ਜਾਂਦਾ ਹੈ।

**ਅਪਵਾਦ:**

- ਸਥਾਨਕ ਜਨਤਕ ਸੰਸਥਾਵਾਂ ਦੇ ਕਰਮਚਾਰੀ (ਜ਼ਿਲ੍ਹਾ ਹਸਪਤਾਲਾਂ ਵਿੱਚ ਕਰਮਚਾਰੀਆਂ ਨੂੰ ਛੱਡ ਕੇ) SDI ਦੁਆਰਾ ਕਵਰ ਨਹੀਂ ਕੀਤੇ ਜਾਂਦੇ ਹਨ ਜਦੋਂ ਤੱਕ ਕਿ ਰੁਜ਼ਗਾਰਦਾਤਾ ਅਜਿਹੀ ਕਵਰੇਜ ਦੀ ਚੋਣ ਨਹੀਂ ਕਰਦਾ ਹੈ।
- ਰਾਜ ਜਾਂ ਰਾਜ ਦੁਆਰਾ ਵਿੱਤਪੋਸ਼ਿਤ ਉੱਚ ਸਿੱਖਿਆ ਸੰਸਥਾਵਾਂ ਦੇ ਕਰਮਚਾਰੀ, ਆਪਣੀਆਂ ਸਮੂਹਿਕ ਸੌਦੇਬਾਜ਼ੀ ਇਕਾਈਆਂ ਦੁਆਰਾ, SDI ਦੁਆਰਾ ਕਵਰ ਕੀਤੇ ਜਾਣ ਦੀ ਚੋਣ ਕਰ ਸਕਦੇ ਹਨ।
- ਸਵੈ-ਰੁਜ਼ਗਾਰ ਵਾਲੇ ਵਿਅਕਤੀ SDI ਦੁਆਰਾ ਕਵਰ ਕੀਤੇ ਜਾਣ ਦੀ ਚੋਣ ਕਰ ਸਕਦੇ ਹਨ।

ਕਿਰਪਾ ਕਰਕੇ ਧਿਆਨ ਦਿਓ: ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸਥਿਤੀ SDI ਲਈ ਯੋਗਤਾ ਨੂੰ ਪ੍ਰਭਾਵਿਤ ਨਹੀਂ ਕਰਦੀ ਹੈ।

### ਵਿਕਲਾਂਗ ਬੀਮਾ (DI)

DI ਉਨ੍ਹਾਂ ਯੋਗ ਕਰਮਚਾਰੀਆਂ ਨੂੰ ਥੋੜ੍ਹੇ ਸਮੇਂ ਲਈ, ਪਾਰਸ਼ਲ ਵੇਜ ਰਿਪਲੇਸਮੈਂਟ ਲਾਭ ਪ੍ਰਦਾਨ ਕਰਦਾ ਹੈ ਜੋ ਗੈਰ-ਕੰਮ-ਸੰਬੰਧਿਤ ਬਿਮਾਰੀ, ਸੱਟ, ਜਾਂ ਗਰਭ ਅਵਸਥਾ ਦੇ ਕਾਰਨ ਕੰਮ ਕਰਨ ਵਿੱਚ ਅਸਮਰੱਥ ਹਨ।

**ਦਾਅਵਾ ਕਦੋਂ ਸਪੁਰਦ ਕਰਾਉਣਾ ਹੈ:** ਆਪਣੀ ਵਿਕਲਾਂਗਤਾ ਸ਼ੁਰੂ ਹੋਣ ਦੇ ਪਹਿਲੇ ਦਿਨ ਤੋਂ ਨੌਂ ਦਿਨਾਂ ਤੋਂ ਪਹਿਲਾਂ ਆਪਣਾ ਦਾਅਵਾ ਸਪੁਰਦ ਨਾ ਕਰਵਾਓ, ਪਰ ਤੁਹਾਡੀ ਵਿਕਲਾਂਗਤਾ ਸ਼ੁਰੂ ਹੋਣ ਤੋਂ 49 ਦਿਨਾਂ ਬਾਅਦ ਨਹੀਂ ਜਾਂ ਤੁਸੀਂ ਲਾਭ ਗੁਆ ਸਕਦੇ ਹੋ।

ਤੇਜ਼ ਪ੍ਰੋਸੈਸਿੰਗ ਲਈ, SDI ਔਨਲਾਈਨ ਦੀ ਵਰਤੋਂ ਕਰਕੇ ਆਪਣਾ ਦਾਅਵਾ ਦਰਜ ਕਰਵਾਓ।

**ਅਪਵਾਦ:** ਜੇਕਰ ਸ਼ੁਰੂਆਤੀ ਦਾਅਵੇ ਦੇ 60 ਦਿਨਾਂ ਦੇ ਅੰਦਰ ਉਸੇ ਜਾਂ ਸੰਬੰਧਿਤ ਕਾਰਨ ਜਾਂ ਸਥਿਤੀ ਲਈ ਦਾਅਵਾ ਦਰਜ ਕੀਤਾ ਜਾਂਦਾ ਹੈ, ਤਾਂ ਕੋਈ ਨਵੀਂ ਉਡੀਕ ਮਿਆਦ ਨਹੀਂ ਹੋਵੇਗੀ।

ਦਾਅਵਾ ਦਰਜ ਕਰਾਉਣ ਲਈ ਜਾਂ ਹੋਰ ਜਾਣਨ ਲਈ, State Disability Insurance (edd.ca.gov/disability) 'ਤੇ ਜਾਓ। EDD ਸਟਾਫ਼ ਸੋਮਵਾਰ ਤੋਂ ਲੈ ਕੇ ਸ਼ੁੱਕਰਵਾਰ ਤੱਕ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਉਪਲਬਧ ਹੁੰਦਾ ਹੈ। (ਪੈਸਿਫਿਕ ਸਮਾਂ), ਰਾਜ ਪੱਧਰੀ ਛੁੱਟੀਆਂ ਤੋਂ ਬਿਨਾਂ।

DI ਫ਼ੋਨ ਨੰਬਰਾਂ ਦੀ ਸੂਚੀ ਲਈ ਪੰਨਾ 19 ਵੇਖੋ।

## ਪੇਡ ਫੈਮਿਲੀ ਲੀਵ (PFL)

PFL ਉਨ੍ਹਾਂ ਯੋਗ ਕਾਮਿਆਂ ਨੂੰ ਥੋੜ੍ਹੇ ਸਮੇਂ ਦੇ, ਪਾਰਸ਼ਲ ਵੇਜ ਰਿਪਲੇਸਮੈਂਟ ਲਾਭ ਪ੍ਰਦਾਨ ਕਰਦਾ ਹੈ ਜਿਨ੍ਹਾਂ ਨੂੰ ਗੰਭੀਰ ਰੂਪ ਵਿੱਚ ਬਿਮਾਰ ਬੱਚੇ, ਮਾਤਾ-ਪਿਤਾ, ਸੱਸ-ਸਹੁਰੇ, ਨਾਨਾ-ਨਾਨੀ, ਪੋਤੇ-ਪੋਤੀ, ਭੈਣ-ਭਰਾ, ਜੀਵਨ ਸਾਥੀ, ਜਾਂ ਰਜਿਸਟਰਡ ਘਰੇਲੂ ਸਾਥੀ ਦੀ ਦੇਖਭਾਲ ਲਈ ਕੰਮ ਤੋਂ ਛੁੱਟੀ ਲੈਣ ਦੀ ਲੋੜ ਹੁੰਦੀ ਹੈ। ਲਾਭ ਉਨ੍ਹਾਂ ਮਾਤਾ-ਪਿਤਾ ਲਈ ਉਪਲਬਧ ਹਨ ਜਿਨ੍ਹਾਂ ਨੂੰ ਜਨਮ, ਗੋਦ ਲੈਣ, ਜਾਂ ਪਾਲਣ-ਪੋਸ਼ਣ ਦੁਆਰਾ ਆਪਣੇ ਪਰਿਵਾਰ ਵਿੱਚ ਦਾਖ਼ਲ ਹੋਣ ਵਾਲੇ ਨਵੇਂ ਬੱਚੇ ਨਾਲ ਸੰਬੰਧ ਬਣਾਉਣ ਲਈ ਸਮਾਂ ਚਾਹੀਦਾ ਹੈ। ਲਾਭ ਉਨ੍ਹਾਂ ਵਿਅਕਤੀਆਂ ਲਈ ਵੀ ਉਪਲਬਧ ਹਨ ਜਿਨ੍ਹਾਂ ਨੂੰ ਜੀਵਨ ਸਾਥੀ, ਰਜਿਸਟਰਡ ਘਰੇਲੂ ਸਾਥੀ, ਮਾਤਾ-ਪਿਤਾ, ਜਾਂ ਬੱਚੇ ਦੀ ਕਿਸੇ ਵਿਦੇਸ਼ੀ ਦੇਸ਼ ਵਿੱਚ ਫੌਜੀ ਤੈਨਾਤੀ ਦੇ ਨਤੀਜੇ ਵਜੋਂ ਯੋਗਤਾ ਪ੍ਰਾਪਤ ਘਟਨਾ ਵਿੱਚ ਹਿੱਸਾ ਲੈਣ ਲਈ ਕੰਮ ਤੋਂ ਛੁੱਟੀ ਦੀ ਲੋੜ ਹੁੰਦੀ ਹੈ।

**ਦਾਅਵਾ ਕਦੋਂ ਸਪੁਰਦ ਕਰੀਏ:** ਆਪਣੀ ਪਰਿਵਾਰਕ ਛੁੱਟੀ ਸ਼ੁਰੂ ਹੋਣ ਦੇ ਪਹਿਲੇ ਦਿਨ ਤੋਂ ਬਾਅਦ ਆਪਣਾ ਦਾਅਵਾ ਸਪੁਰਦ ਕਰਵਾਓ ਪਰ ਆਪਣੀ ਪਰਿਵਾਰਕ ਛੁੱਟੀ ਸ਼ੁਰੂ ਹੋਣ ਤੋਂ ਬਾਅਦ 41 ਦਿਨਾਂ ਤੋਂ ਵੱਧ ਲੇਟ ਨਹੀਂ ਹੋਣਾ ਚਾਹੀਦਾ ਨਹੀਂ ਤਾਂ ਤੁਸੀਂ ਲਾਭ ਗੁਆ ਸਕਦੇ ਹੋ।

ਤੇਜ਼ ਪ੍ਰੋਸੈਸਿੰਗ ਲਈ, SDI ਔਨਲਾਈਨ ਦੀ ਵਰਤੋਂ ਕਰਕੇ ਆਪਣਾ ਦਾਅਵਾ ਦਰਜ ਕਰਵਾਓ।

ਦਰਜ ਕਰਾਉਣ ਲਈ, ਜਾਂ ਹੋਰ ਜਾਣਨ ਲਈ Paid Family Leave (edd.ca.gov/Disability/Paid_Family_Leave.htm) 'ਤੇ ਜਾਓ।

EDD ਸਟਾਫ਼ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਉਪਲਬਧ ਹੁੰਦਾ ਹੈ। (ਪੈਸਿਫਿਕ ਸਮਾਂ), ਰਾਜ ਪੱਧਰੀ ਛੁੱਟੀਆਂ ਤੋਂ ਬਿਨਾਂ।

PFL ਫ਼ੋਨ ਨੰਬਰਾਂ ਦੀ ਸੂਚੀ ਵਾਸਤੇ ਪੰਨਾ 19 ਵੇਖੋ।

## ਵਰਕਫੋਰਸ ਸਰਵੀਸਿਜ

EDD ਰਾਜ ਅਤੇ ਸਥਾਨਕ ਏਜੰਸੀਆਂ ਅਤੇ ਸੰਗਠਨਾਂ ਦੇ ਨਾਲ ਮਿਲ ਕੇ ਅਮਰੀਕਾ ਦੇ ਜੌਬ ਸੈਂਟਰ ਔਫ਼ ਕੈਲੀਫੋਰਨੀਆ[SM] (AJCC) ਰਾਹੀਂ ਰੁਜ਼ਗਾਰ ਅਤੇ ਸਿਖਲਾਈ ਸੇਵਾਵਾਂ ਦੀ ਇੱਕ ਰੇਂਜ ਪ੍ਰਦਾਨ ਕਰਦਾ ਹੈ। ਇਹ ਸੇਵਾਵਾਂ ਨੌਕਰੀ ਖੋਜਣ ਵਾਲਿਆਂ ਅਤੇ ਮਾਲਕਾਂ ਨੂੰ ਬਿਨਾਂ ਕਿਸੇ ਕੀਮਤ ਦੇ ਲਾਭ ਪ੍ਰਦਾਨ ਕਰਦੀਆਂ ਹਨ।

AJCC ਰਾਹੀਂ, EDD ਨੌਕਰੀ ਦੀ ਤਲਾਸ਼ ਕਰਨ ਵਾਲਿਆਂ ਨੂੰ ਜੌਬ ਸਰਚ ਅਤੇ ਰਿਜ਼ਯੂਮ ਵਰਕਸ਼ਾਪ, ਇੰਟਰਵਿਊ ਤਕਨੀਕ, ਜੌਬ ਫੇਅਰਜ਼ ਅਤੇ ਰੈਫਰਲ, ਸਿਖਲਾਈ ਅਤੇ ਹੋਰ ਬਹੁਤ ਕੁੱਝ ਪ੍ਰਦਾਨ ਕਰਦਾ ਹੈ। ਰੁਜ਼ਗਾਰਦਾਤਾ ਸਾਡੀ ਸੀਰੀਜ਼ ਦੀ ਵਰਤੋਂ ਓਪਨ ਪੋਜ਼ਿਸ਼ਨਾਂ ਲਈ ਉਮੀਦਵਾਰਾਂ ਨੂੰ ਭਰਤੀ ਕਰਨ ਵਾਸਤੇ, ਮੌਜੂਦਾ ਕਰਮਚਾਰੀਆਂ ਨੂੰ ਸਿਖਲਾਈ ਦੇਣ ਅਤੇ ਨੌਕਰੀ ਮਾਮਲਿਆਂ ਅਤੇ ਵਰਕਸ਼ਾਪਾਂ ਨੂੰ ਸੰਗਠਿਤ ਕਰਨ ਵਿੱਚ ਮਦਦ ਕਰਨ ਲਈ ਕਰ ਸਕਦੇ ਹਨ। ਹੋਰ ਜਾਣਕਾਰੀ ਲਈ, ਔਨਲਾਈਨ Office Locator (edd.ca.gov/Office_Locator) ਦੀ ਵਰਤੋਂ ਕਰਕੇ ਆਪਣਾ ਨੇੜਲਾ AJCC ਲੱਭੋ।

## CalJOBS℠

CalJOBS ਕੈਲੀਫੋਰਨੀਆ ਦਾ ਔਨਲਾਈਨ ਸਰੋਤ ਹੈ ਜੋ ਨੌਕਰੀ ਲੱਭਣ ਵਾਲਿਆਂ ਅਤੇ ਰੁਜ਼ਗਾਰਦਾਤਿਆਂ ਨੂੰ EDD ਦੀਆਂ ਕਾਰਜਬਲ ਸੇਵਾਵਾਂ ਵਿੱਚ ਨੈਵੀਗੇਟ ਕਰਨ ਵਿੱਚ ਮਦਦ ਕਰਦਾ ਹੈ। ਸਿਸਟਮ ਉਪਭੋਗਤਾਵਾਂ ਨੂੰ ਅਸਾਨੀ ਨਾਲ ਨੌਕਰੀਆਂ ਦੀ ਤਲਾਸ਼ ਕਰਨ, ਰਿਜ਼ਯੂਮ ਬਣਾਉਣ, ਕੈਰੀਅਰ ਦੇ ਸਰੋਤਾਂ ਤੱਕ ਪਹੁੰਚ ਕਰਨ, ਰੁਜ਼ਗਾਰ ਲਈ ਯੋਗ ਉਮੀਦਵਾਰ ਲੱਭਣ, ਅਤੇ ਸਿੱਖਿਆ ਅਤੇ ਸਿਖਲਾਈ ਪ੍ਰੋਗਰਾਮਾਂ ਬਾਰੇ ਜਾਣਕਾਰੀ ਇਕੱਤਰ ਕਰਨ ਦੀ ਇਜਾਜ਼ਤ ਦਿੰਦਾ ਹੈ।

ਨੌਕਰੀ ਦੀ ਖੋਜ ਕਰਨ ਵਾਲੇ ਇਹ ਕਰ ਸਕਦੇ ਹਨ:

- ਰਿਜ਼ਿਉਮੇ ਬਣਾ ਸਕਦੇ ਹਨ ਜਾਂ ਮਲਟੀਪਲ ਰਿਜ਼ਿਉਮੇ ਅੱਪਲੋਡ ਕਰ ਸਕਦੇ ਹਨ।
- ਨੌਕਰੀ ਮੌਕਿਆਂ ਦੀ ਖੋਜ ਕਰ ਸਕਦੇ ਹਨ ਅਤੇ ਉਹਨਾਂ ਲਈ ਬੇਨਤੀ ਕਰ ਸਕਦੇ ਹਨ।
- ਨੌਕਰੀ ਮੌਕਿਆਂ ਲਈ ਚਿਤਾਵਨੀਆਂ ਸੈੱਟਅੱਪ ਕਰ ਸਕਦੇ ਹਨ।
- ਮਾਲਕਾਂ ਦੀ ਖੋਜ ਕਰ ਸਕਦੇ ਹਨ।
- ਮਾਲਕਾਂ ਵਾਸਤੇ ਅਨੁਕੂਲਿਤ ਰਿਜ਼ਿਉਮੇ ਨੂੰ ਵੇਖਨ ਯੋਗ ਬਣਾ ਸਕਦੇ ਹਨ।

**ਧਿਆਨ ਦਿਓ:** CalJOBS ਖਾਤੇ ਲਈ ਰਜਿਸਟਰ ਕਰਨਾ ਅਤੇ ਰਿਜ਼ਯੂਮ ਨੂੰ ਪੋਸਟ ਕਰਨਾ ਕਈ UI ਦਾਅਵੇਦਾਰਾਂ ਲਈ ਯੋਗਤਾ ਜ਼ਰੂਰਤ ਹੈ। ਰਜਿਸਟ ਰਕਰਨ ਲਈ, CalJOBS℠ (caljobs.ca.gov) 'ਤੇ ਜਾਓ।

## ਮਾਇਗ੍ਰੈਂਟ ਅਤੇ ਸੀਜ਼ਨਲ ਫ੍ਰੇਮਵਰਕਰ (MSFW) ਆਊਟਰੀਚ ਪ੍ਰੋਗਰਾਮ

MSFW ਆਊਟਰੀਚ ਪ੍ਰੋਗਰਾਮ ਅਮਰੀਕਾ ਦੇ ਜੌਬ ਸੈਂਟਰ ਔਫ਼ ਕੈਲੀਫੋਰਨੀਆ ℠ ਵਿਖੇ ਮੁਹੱਈਆ ਕਰਵਾਈਆਂ ਸੇਵਾਵਾਂ ਤੋਂ ਅਣਜਾਣ ਫਾਰਮਵਰਕਰਾਂ ਨੂੰ ਮੁਫ਼ਤ ਵਿੱਚ ਨੌਕਰੀ ਖੋਜ ਸਹਾਇਤਾ, ਹੁਨਰ ਵਿਕਾਸ, ਸਹਾਇਕ ਸੇਵਾਵਾਂ ਲਈ ਰੈਫ਼ਰਲ, ਬੇਰੁਜ਼ਗਾਰੀ ਅਤੇ ਅਪੰਗਤਾ ਬੀਮਾ, ਖੇਤ ਮਜ਼ਦੂਰਾਂ ਦੇ ਅਧਿਕਾਰ ਲੇਬਰ-ਕਨੂੰਨ ਦੀ ਜਾਣਕਾਰੀ, ਅਤੇ ਕਰੀਅਰ ਮਾਰਗਦਰਸ਼ਨ ਬਾਰੇ ਜਾਣਕਾਰੀ ਦੇ ਨਾਲ ਸਹਾਇਤਾ ਕਰਦਾ ਹੈ।

## ਵੈਟਰਨਜ਼ ਲਈ ਸੇਵਾਵਾਂ

EDD ਵੈਟਰਨਜ਼ ਨੂੰ ਉਹਨਾਂ ਦੇ ਰੁਜ਼ਗਾਰ ਅਤੇ ਸਿਖਲਾਈ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਮਦਦ ਕਰਨ ਲਈ ਸਹਾਇਤਾ ਪ੍ਰਦਾਨ ਕਰਦਾ ਹੈ। ਸੇਵਾਵਾਂ ਵਿੱਚ ਮਜ਼ਦੂਰੀ ਦੀ ਜਾਣਕਾਰੀ, ਸਾਰੀ ਨੌਕਰੀ ਲਿਸਟਿੰਗ 'ਤੇ ਅਨੁਭਵੀ 24 ਘੰਟੇ ਦੀ ਤਰਜੀਹ, ਅਨੁਕੂਲਿਤ ਨੌਕਰੀ ਖੋਜ ਸਹਾਇਤਾ, ਨੌਕਰੀ ਮੇਲੇ, ਵਰਕਸ਼ਾਪਾਂ, ਮਾਲਕ, ਭਰਤੀਆਂ ਅਤੇ ਹੋਰ ਸੰਸਾਧਨ ਸ਼ਾਮਲ ਹਨ।

## ਯੂਥ ਇੰਪਲੋਇਮੈਂਟ ਓਪਰਚੁਨਿਟੀ ਪ੍ਰੋਗਰਾਮ (YEOP)

YEOP 15 ਤੋਂ 25 ਸਾਲ ਦੀ ਉਮਰ ਦੇ ਨੌਜਵਾਨਾਂ ਨੂੰ ਉਨ੍ਹਾਂ ਦੇ ਵਿੱਦਿਅਕ ਅਤੇ ਕਿੱਤਾਮੁਖੀ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਮਦਦ ਕਰਨ ਲਈ ਵਿਸ਼ੇਸ਼ ਸੇਵਾ ਪ੍ਰਦਾਨ ਕਰਦਾ ਹੈ। ਸੇਵਾਵਾਂ ਵਿੱਚ ਸਾਥੀ ਦੀ ਸਲਾਹ, ਸਹਾਇਕ ਸੇਵਾਵਾਂ ਦੇ ਹਵਾਲੇ, ਵਰਕਸ਼ਾਪਾਂ, ਨੌਕਰੀ ਦੇ ਰੈਫ਼ਰਲ ਅਤੇ ਪਲੇਸਮੈਂਟ ਸਹਾਇਤਾ, ਅਤੇ ਸਿਖਲਾਈ ਅਤੇ ਕਮਿਊਨਿਟੀ ਆਊਟਰੀਚ ਯਤਨਾਂ ਦੇ ਹਵਾਲੇ ਸ਼ਾਮਲ ਹਨ।

ਉੱਪਰ ਸੂਚੀਬੱਧ ਪ੍ਰੋਗਰਾਮਾਂ ਅਤੇ ਸੇਵਾਵਾਂ 'ਤੇ ਹੋਰ ਜਾਣਕਾਰੀ ਲਈ, ਔਨਲਾਈਨ Jobs and Training (edd.ca.gov/Jobs_and_Training) 'ਤੇ ਜਾਓ।

## 2 ਜਨਵਰੀ, 2005 ਜਾਂ ਉਸ ਤੋਂ ਬਾਅਦ ਦੀ ਸ਼ੁਰੂਆਤੀ ਮਿਤੀ ਦੇ ਨਵੇਂ ਦਾਅਵਿਆਂ ਲਈ
## ਬੇਰੁਜ਼ਗਾਰੀ ਬੀਮਾ ਲਾਭ ਸਾਰਨੀ

| ਉੱਚਤਮ ਤਿਮਾਹੀ ਵਿੱਚ ਮਜ਼ਦੂਰੀਆਂ ਦੀ ਰਕਮ | | ਹਫ਼ਤਾਵਾਰੀ ਲਾਭ ਰਕਮ | ਉੱਚਤਮ ਤਿਮਾਹੀ ਵਿੱਚ ਮਜ਼ਦੂਰੀਆਂ ਦੀ ਰਕਮ | | ਹਫ਼ਤਾਵਾਰੀ ਲਾਭ ਰਕਮ | ਉੱਚਤਮ ਤਿਮਾਹੀ ਵਿੱਚ ਮਜ਼ਦੂਰੀਆਂ ਦੀ ਰਕਮ | | ਹਫ਼ਤਾਵਾਰੀ ਲਾਭ ਰਕਮ |
|---|---|---|---|---|---|---|---|---|
| $ 900.00 – | 948.99 | $40 | $ 2,210.01 – | 2,236.00 | $86 | $ 3,406.01 – | 3,432.00 | $132 |
| 949.00 – | 974.99 | 41 | 2,236.01 – | 2,262.00 | 87 | 3,432.01 – | 3,458.00 | 133 |
| 975.00 – | 1,000.99 | 42 | 2,262.01 – | 2,288.00 | 88 | 3,458.01 – | 3,484.00 | 134 |
| 1,001.00 – | 1,026.99 | 43 | 2,288.01 – | 2,314.00 | 89 | 3,484.01 – | 3,510.00 | 135 |
| 1,027.00 – | 1,052.99 | 44 | 2,314.01 – | 2,340.00 | 90 | 3,510.01 – | 3,536.00 | 136 |
| 1,053.00 – | 1,078.99 | 45 | 2,340.01 – | 2,366.00 | 91 | 3,536.01 – | 3,562.00 | 137 |
| 1,079.00 – | 1,117.99 | 46 | 2,366.01 – | 2,392.00 | 92 | 3,562.01 – | 3,588.00 | 138 |
| 1,118.00 – | 1,143.99 | 47 | 2,392.01 – | 2,418.00 | 93 | 3,588.01 – | 3,614.00 | 139 |
| 1,144.00 – | 1,169.99 | 48 | 2,418.01 – | 2,444.00 | 94 | 3,614.01 – | 3,640.00 | 140 |
| 1,170.00 – | 1,195.99 | 49 | 2,444.01 – | 2,470.00 | 95 | 3,640.01 – | 3,666.00 | 141 |
| 1,196.00 – | 1,221.99 | 50 | 2,470.01 – | 2,496.00 | 96 | 3,666.01 – | 3,692.00 | 142 |
| 1,222.00 – | 1,247.99 | 51 | 2,496.01 – | 2,522.00 | 97 | 3,692.01 – | 3,718.00 | 143 |
| 1,248.00 – | 1,286.99 | 52 | 2,522.01 – | 2,548.00 | 98 | 3,718.01 – | 3,744.00 | 144 |
| 1,287.00 – | 1,312.99 | 53 | 2,548.01 – | 2,574.00 | 99 | 3,744.01 – | 3,770.00 | 145 |
| 1,313.00 – | 1,338.99 | 54 | 2,574.01 – | 2,600.00 | 100 | 3,770.01 – | 3,796.00 | 146 |
| 1,339.00 – | 1,364.99 | 55 | 2,600.01 – | 2,626.00 | 101 | 3,796.01 – | 3,822.00 | 147 |
| 1,365.00 – | 1,403.99 | 56 | 2,626.01 – | 2,652.00 | 102 | 3,822.01 – | 3,848.00 | 148 |
| 1,404.00 – | 1,429.99 | 57 | 2,652.01 – | 2,678.00 | 103 | 3,848.01 – | 3,874.00 | 149 |
| 1,430.00 – | 1,455.99 | 58 | 2,678.01 – | 2,704.00 | 104 | 3,874.01 – | 3,900.00 | 150 |
| 1,456.00 – | 1,494.99 | 59 | 2,704.01 – | 2,730.00 | 105 | 3,900.01 – | 3,926.00 | 151 |
| 1,495.00 – | 1,520.99 | 60 | 2,730.01 – | 2,756.00 | 106 | 3,926.01 – | 3,952.00 | 152 |
| 1,521.00 – | 1,546.99 | 61 | 2,756.01 – | 2,782.00 | 107 | 3,952.01 – | 3,978.00 | 153 |
| 1,547.00 – | 1,585.99 | 62 | 2,782.01 – | 2,808.00 | 108 | 3,978.01 – | 4,004.00 | 154 |
| 1,586.00 – | 1,611.99 | 63 | 2,808.01 – | 2,834.00 | 109 | 4,004.01 – | 4,030.00 | 155 |
| 1,612.00 – | 1,637.99 | 64 | 2,834.01 – | 2,860.00 | 110 | 4,030.01 – | 4,056.00 | 156 |
| 1,638.00 – | 1,676.99 | 65 | 2,860.01 – | 2,886.00 | 111 | 4,056.01 – | 4,082.00 | 157 |
| 1,677.00 – | 1,702.99 | 66 | 2,886.01 – | 2,912.00 | 112 | 4,082.01 – | 4,108.00 | 158 |
| 1,703.00 – | 1,741.99 | 67 | 2,912.01 – | 2,938.00 | 113 | 4,108.01 – | 4,134.00 | 159 |
| 1,742.00 – | 1,767.99 | 68 | 2,938.01 – | 2,964.00 | 114 | 4,134.01 – | 4,160.00 | 160 |
| 1,768.00 – | 1,806.99 | 69 | 2,964.01 – | 2,990.00 | 115 | 4,160.01 – | 4,186.00 | 161 |
| 1,807.00 – | 1,832.99 | 70 | 2,990.01 – | 3,016.00 | 116 | 4,186.01 – | 4,212.00 | 162 |
| 1,833.00 – | 1,846.00 | 71 | 3,016.01 – | 3,042.00 | 117 | 4,212.01 – | 4,238.00 | 163 |
| 1,846.01 – | 1,872.00 | 72 | 3,042.01 – | 3,068.00 | 118 | 4,238.01 – | 4,264.00 | 164 |
| 1,872.01 – | 1,898.00 | 73 | 3,068.01 – | 3,094.00 | 119 | 4,264.01 – | 4,290.00 | 165 |
| 1,898.01 – | 1,924.00 | 74 | 3,094.01 – | 3,120.00 | 120 | 4,290.01 – | 4,316.00 | 166 |
| 1,924.01 – | 1,950.00 | 75 | 3,120.01 – | 3,146.00 | 121 | 4,316.01 – | 4,342.00 | 167 |
| 1,950.01 – | 1,976.00 | 76 | 3,146.01 – | 3,172.00 | 122 | 4,342.01 – | 4,368.00 | 168 |
| 1,976.01 – | 2,002.00 | 77 | 3,172.01 – | 3,198.00 | 123 | 4,368.01 – | 4,394.00 | 169 |
| 2,002.01 – | 2,028.00 | 78 | 3,198.01 – | 3,224.00 | 124 | 4,394.01 – | 4,420.00 | 170 |
| 2,028.01 – | 2,054.00 | 79 | 3,224.01 – | 3,250.00 | 125 | 4,420.01 – | 4,446.00 | 171 |
| 2,054.01 – | 2,080.00 | 80 | 3,250.01 – | 3,276.00 | 126 | 4,446.01 – | 4,472.00 | 172 |
| 2,080.01 – | 2,106.00 | 81 | 3,276.01 – | 3,302.00 | 127 | 4,472.01 – | 4,498.00 | 173 |
| 2,106.01 – | 2,132.00 | 82 | 3,302.01 – | 3,328.00 | 128 | 4,498.01 – | 4,524.00 | 174 |
| 2,132.01 – | 2,158.00 | 83 | 3,328.01 – | 3,354.00 | 129 | 4,524.01 – | 4,550.00 | 175 |
| 2,158.01 – | 2,184.00 | 84 | 3,354.01 – | 3,380.00 | 130 | 4,550.01 – | 4,576.00 | 176 |
| 2,184.01 – | 2,210.00 | 85 | 3,380.01 – | 3,406.00 | 131 | 4,576.01 – | 4,602.00 | 177 |

## 2 ਜਨਵਰੀ, 2005 ਜਾਂ ਉਸ ਤੋਂ ਬਾਅਦ ਦੀ ਸ਼ੁਰੂਆਤੀ ਮਿਤੀ ਦੇ ਨਵੇਂ ਦਾਅਵਿਆਂ ਲਈ
## ਬੇਰੁਜ਼ਗਾਰੀ ਬੀਮਾ ਲਾਭ ਸਾਰਨੀ

| ਉੱਚਤਮ ਤਿਮਾਹੀ ਵਿੱਚ ਮਜ਼ਦੂਰੀਆਂ ਦੀ ਰਕਮ | | ਹਫ਼ਤਾਵਾਰੀ ਲਾਭ ਰਕਮ | ਉੱਚਤਮ ਤਿਮਾਹੀ ਵਿੱਚ ਮਜ਼ਦੂਰੀਆਂ ਦੀ ਰਕਮ | | ਹਫ਼ਤਾਵਾਰੀ ਲਾਭ ਰਕਮ | ਉੱਚਤਮ ਤਿਮਾਹੀ ਵਿੱਚ ਮਜ਼ਦੂਰੀਆਂ ਦੀ ਰਕਮ | | ਹਫ਼ਤਾਵਾਰੀ ਲਾਭ ਰਕਮ |
|---|---|---|---|---|---|---|---|---|
| $ 4,602.01 – | 4,628.00 | $178 | $ 5,798.01 – | 5,824.00 | $224 | $ 6,994.01 – | 7,020.00 | $270 |
| 4,628.01 – | 4,654.00 | 179 | 5,824.01 – | 5,850.00 | 225 | 7,020.01 – | 7,046.00 | 271 |
| 4,654.01 – | 4,680.00 | 180 | 5,850.01 – | 5,876.00 | 226 | 7,046.01 – | 7,072.00 | 272 |
| 4,680.01 – | 4,706.00 | 181 | 5,876.01 – | 5,902.00 | 227 | 7,072.01 – | 7,098.00 | 273 |
| 4,706.01 – | 4,732.00 | 182 | 5,902.01 – | 5,928.00 | 228 | 7,098.01 – | 7,124.00 | 274 |
| 4,732.01 – | 4,758.00 | 183 | 5,928.01 – | 5,954.00 | 229 | 7,124.01 – | 7,150.00 | 275 |
| 4,758.01 – | 4,784.00 | 184 | 5,954.01 – | 5,980.00 | 230 | 7,150.01 – | 7,176.00 | 276 |
| 4,784.01 – | 4,810.00 | 185 | 5,980.01 – | 6,006.00 | 231 | 7,176.01 – | 7,202.00 | 277 |
| 4,810.01 – | 4,836.00 | 186 | 6,006.01 – | 6,032.00 | 232 | 7,202.01 – | 7,228.00 | 278 |
| 4,836.01 – | 4,862.00 | 187 | 6,032.01 – | 6,058.00 | 233 | 7,228.01 – | 7,254.00 | 279 |
| 4,862.01 – | 4,888.00 | 188 | 6,058.01 – | 6,084.00 | 234 | 7,254.01 – | 7,280.00 | 280 |
| 4,888.01 – | 4,914.00 | 189 | 6,084.01 – | 6,110.00 | 235 | 7,280.01 – | 7,306.00 | 281 |
| 4,914.01 – | 4,940.00 | 190 | 6,110.01 – | 6,136.00 | 236 | 7,306.01 – | 7,332.00 | 282 |
| 4,940.01 – | 4,966.00 | 191 | 6,136.01 – | 6,162.00 | 237 | 7,332.01 – | 7,358.00 | 283 |
| 4,966.01 – | 4,992.00 | 192 | 6,162.01 – | 6,188.00 | 238 | 7,358.01 – | 7,384.00 | 284 |
| 4,992.01 – | 5,018.00 | 193 | 6,188.01 – | 6,214.00 | 239 | 7,384.01 – | 7,410.00 | 285 |
| 5,018.01 – | 5,044.00 | 194 | 6,214.01 – | 6,240.00 | 240 | 7,410.01 – | 7,436.00 | 286 |
| 5,044.01 – | 5,070.00 | 195 | 6,240.01 – | 6,266.00 | 241 | 7,436.01 – | 7,462.00 | 287 |
| 5,070.01 – | 5,096.00 | 196 | 6,266.01 – | 6,292.00 | 242 | 7,462.01 – | 7,488.00 | 288 |
| 5,096.01 – | 5,122.00 | 197 | 6,292.01 – | 6,318.00 | 243 | 7,488.01 – | 7,514.00 | 289 |
| 5,122.01 – | 5,148.00 | 198 | 6,318.01 – | 6,344.00 | 244 | 7,514.01 – | 7,540.00 | 290 |
| 5,148.01 – | 5,174.00 | 199 | 6,344.01 – | 6,370.00 | 245 | 7,540.01 – | 7,566.00 | 291 |
| 5,174.01 – | 5,200.00 | 200 | 6,370.01 – | 6,396.00 | 246 | 7,566.01 – | 7,592.00 | 292 |
| 5,200.01 – | 5,226.00 | 201 | 6,396.01 – | 6,422.00 | 247 | 7,592.01 – | 7,618.00 | 293 |
| 5,226.01 – | 5,252.00 | 202 | 6,422.01 – | 6,448.00 | 248 | 7,618.01 – | 7,644.00 | 294 |
| 5,252.01 – | 5,278.00 | 203 | 6,448.01 – | 6,474.00 | 249 | 7,644.01 – | 7,670.00 | 295 |
| 5,278.01 – | 5,304.00 | 204 | 6,474.01 – | 6,500.00 | 250 | 7,670.01 – | 7,696.00 | 296 |
| 5,304.01 – | 5,330.00 | 205 | 6,500.01 – | 6,526.00 | 251 | 7,696.01 – | 7,722.00 | 297 |
| 5,330.01 – | 5,356.00 | 206 | 6,526.01 – | 6,552.00 | 252 | 7,722.01 – | 7,748.00 | 298 |
| 5,356.01 – | 5,382.00 | 207 | 6,552.01 – | 6,578.00 | 253 | 7,748.01 – | 7,774.00 | 299 |
| 5,382.01 – | 5,408.00 | 208 | 6,578.01 – | 6,604.00 | 254 | 7,774.01 – | 7,800.00 | 300 |
| 5,408.01 – | 5,434.00 | 209 | 6,604.01 – | 6,630.00 | 255 | 7,800.01 – | 7,826.00 | 301 |
| 5,434.01 – | 5,460.00 | 210 | 6,630.01 – | 6,656.00 | 256 | 7,826.01 – | 7,852.00 | 302 |
| 5,460.01 – | 5,486.00 | 211 | 6,656.01 – | 6,682.00 | 257 | 7,852.01 – | 7,878.00 | 303 |
| 5,486.01 – | 5,512.00 | 212 | 6,682.01 – | 6,708.00 | 258 | 7,878.01 – | 7,904.00 | 304 |
| 5,512.01 – | 5,538.00 | 213 | 6,708.01 – | 6,734.00 | 259 | 7,904.01 – | 7,930.00 | 305 |
| 5,538.01 – | 5,564.00 | 214 | 6,734.01 – | 6,760.00 | 260 | 7,930.01 – | 7,956.00 | 306 |
| 5,564.01 – | 5,590.00 | 215 | 6,760.01 – | 6,786.00 | 261 | 7,956.01 – | 7,982.00 | 307 |
| 5,590.01 – | 5,616.00 | 216 | 6,786.01 – | 6,812.00 | 262 | 7,982.01 – | 8,008.00 | 308 |
| 5,616.01 – | 5,642.00 | 217 | 6,812.01 – | 6,838.00 | 263 | 8,008.01 – | 8,034.00 | 309 |
| 5,642.01 – | 5,668.00 | 218 | 6,838.01 – | 6,864.00 | 264 | 8,034.01 – | 8,060.00 | 310 |
| 5,668.01 – | 5,694.00 | 219 | 6,864.01 – | 6,890.00 | 265 | 8,060.01 – | 8,086.00 | 311 |
| 5,694.01 – | 5,720.00 | 220 | 6,890.01 – | 6,916.00 | 266 | 8,086.01 – | 8,112.00 | 312 |
| 5,720.01 – | 5,746.00 | 221 | 6,916.01 – | 6,942.00 | 267 | 8,112.01 – | 8,138.00 | 313 |
| 5,746.01 – | 5,772.00 | 222 | 6,942.01 – | 6,968.00 | 268 | 8,138.01 – | 8,164.00 | 314 |
| 5,772.01 – | 5,798.00 | 223 | 6,968.01 – | 6,994.00 | 269 | 8,164.01 – | 8,190.00 | 315 |

## 2 ਜਨਵਰੀ, 2005 ਜਾਂ ਉਸ ਤੋਂ ਬਾਅਦ ਦੀ ਸ਼ੁਰੂਆਤੀ ਮਤਿੀ ਦੇ ਨਵੇਂ ਦਾਅਵਿਆਂ ਲਈ ਬੇਰੁਜ਼ਗਾਰੀ ਬੀਮਾ ਲਾਭ ਸਾਰਨੀ

| ਉੱਚਤਮ ਤਮਿਾਹੀ ਵਿੱਚ ਮਜ਼ਦੂਰੀਆਂ ਦੀ ਰਕਮ | | ਹਫ਼ਤਾਵਾਰੀ ਲਾਭ ਰਕਮ | ਉੱਚਤਮ ਤਮਿਾਹੀ ਵਿੱਚ ਮਜ਼ਦੂਰੀਆਂ ਦੀ ਰਕਮ | | ਹਫ਼ਤਾਵਾਰੀ ਲਾਭ ਰਕਮ | ਉੱਚਤਮ ਤਮਿਾਹੀ ਵਿੱਚ ਮਜ਼ਦੂਰੀਆਂ ਦੀ ਰਕਮ | | ਹਫ਼ਤਾਵਾਰੀ ਲਾਭ ਰਕਮ |
|---|---|---|---|---|---|---|---|---|
| $ 8,190.01 – | 8,216.00 | $316 | $ 9,386.01 – | 9,412.00 | $362 | $10,582.01 – | 10,608.00 | $408 |
| 8,216.01 – | 8,242.00 | 317 | 9,412.01 – | 9,438.00 | 363 | 10,608.01 – | 10,634.00 | 409 |
| 8,242.01 – | 8,268.00 | 318 | 9,438.01 – | 9,464.00 | 364 | 10,634.01 – | 10,660.00 | 410 |
| 8,268.01 – | 8,294.00 | 319 | 9,464.01 – | 9,490.00 | 365 | 10,660.01 – | 10,686.00 | 411 |
| 8,294.01 – | 8,320.00 | 320 | 9,490.01 – | 9,516.00 | 366 | 10,686.01 – | 10,712.00 | 412 |
| 8,320.01 – | 8,346.00 | 321 | 9,516.01 – | 9,542.00 | 367 | 10,712.01 – | 10,738.00 | 413 |
| 8,346.01 – | 8,372.00 | 322 | 9,542.01 – | 9,568.00 | 368 | 10,738.01 – | 10,764.00 | 414 |
| 8,372.01 – | 8,398.00 | 323 | 9,568.01 – | 9,594.00 | 369 | 10,764.01 – | 10,790.00 | 415 |
| 8,398.01 – | 8,424.00 | 324 | 9,594.01 – | 9,620.00 | 370 | 10,790.01 – | 10,816.00 | 416 |
| 8,424.01 – | 8,450.00 | 325 | 9,620.01 – | 9,646.00 | 371 | 10,816.01 – | 10,842.00 | 417 |
| 8,450.01 – | 8,476.00 | 326 | 9,646.01 – | 9,672.00 | 372 | 10,842.01 – | 10,868.00 | 418 |
| 8,476.01 – | 8,502.00 | 327 | 9,672.01 – | 9,698.00 | 373 | 10,868.01 – | 10,894.00 | 419 |
| 8,502.01 – | 8,528.00 | 328 | 9,698.01 – | 9,724.00 | 374 | 10,894.01 – | 10,920.00 | 420 |
| 8,528.01 – | 8,554.00 | 329 | 9,724.01 – | 9,750.00 | 375 | 10,920.01 – | 10,946.00 | 421 |
| 8,554.01 – | 8,580.00 | 330 | 9,750.01 – | 9,776.00 | 376 | 10,946.01 – | 10,972.00 | 422 |
| 8,580.01 – | 8,606.00 | 331 | 9,776.01 – | 9,802.00 | 377 | 10,972.01 – | 10,998.00 | 423 |
| 8,606.01 – | 8,632.00 | 332 | 9,802.01 – | 9,828.00 | 378 | 10,998.01 – | 11,024.00 | 424 |
| 8,632.01 – | 8,658.00 | 333 | 9,828.01 – | 9,854.00 | 379 | 11,024.01 – | 11,050.00 | 425 |
| 8,658.01 – | 8,684.00 | 334 | 9,854.01 – | 9,880.00 | 380 | 11,050.01 – | 11,076.00 | 426 |
| 8,684.01 – | 8,710.00 | 335 | 9,880.01 – | 9,906.00 | 381 | 11,076.01 – | 11,102.00 | 427 |
| 8,710.01 – | 8,736.00 | 336 | 9,906.01 – | 9,932.00 | 382 | 11,102.01 – | 11,128.00 | 428 |
| 8,736.01 – | 8,762.00 | 337 | 9,932.01 – | 9,958.00 | 383 | 11,128.01 – | 11,154.00 | 429 |
| 8,762.01 – | 8,788.00 | 338 | 9,958.01 – | 9,984.00 | 384 | 11,154.01 – | 11,180.00 | 430 |
| 8,788.01 – | 8,814.00 | 339 | 9,984.01 – | 10,010.00 | 385 | 11,180.01 – | 11,206.00 | 431 |
| 8,814.01 – | 8,840.00 | 340 | 10,010.01 – | 10,036.00 | 386 | 11,206.01 – | 11,232.00 | 432 |
| 8,840.01 – | 8,866.00 | 341 | 10,036.01 – | 10,062.00 | 387 | 11,232.01 – | 11,258.00 | 433 |
| 8,866.01 – | 8,892.00 | 342 | 10,062.01 – | 10,088.00 | 388 | 11,258.01 – | 11,284.00 | 434 |
| 8,892.01 – | 8,918.00 | 343 | 10,088.01 – | 10,114.00 | 389 | 11,284.01 – | 11,310.00 | 435 |
| 8,918.01 – | 8,944.00 | 344 | 10,114.01 – | 10,140.00 | 390 | 11,310.01 – | 11,336.00 | 436 |
| 8,944.01 – | 8,970.00 | 345 | 10,140.01 – | 10,166.00 | 391 | 11,336.01 – | 11,362.00 | 437 |
| 8,970.01 – | 8,996.00 | 346 | 10,166.01 – | 10,192.00 | 392 | 11,362.01 – | 11,388.00 | 438 |
| 8,996.01 – | 9,022.00 | 347 | 10,192.01 – | 10,218.00 | 393 | 11,388.01 – | 11,414.00 | 439 |
| 9,022.01 – | 9,048.00 | 348 | 10,218.01 – | 10,244.00 | 394 | 11,414.01 – | 11,440.00 | 440 |
| 9,048.01 – | 9,074.00 | 349 | 10,244.01 – | 10,270.00 | 395 | 11,440.01 – | 11,466.00 | 441 |
| 9,074.01 – | 9,100.00 | 350 | 10,270.01 – | 10,296.00 | 396 | 11,466.01 – | 11,492.00 | 442 |
| 9,100.01 – | 9,126.00 | 351 | 10,296.01 – | 10,322.00 | 397 | 11,492.01 – | 11,518.00 | 443 |
| 9,126.01 – | 9,152.00 | 352 | 10,322.01 – | 10,348.00 | 398 | 11,518.01 – | 11,544.00 | 444 |
| 9,152.01 – | 9,178.00 | 353 | 10,348.01 – | 10,374.00 | 399 | 11,544.01 – | 11,570.00 | 445 |
| 9,178.01 – | 9,204.00 | 354 | 10,374.01 – | 10,400.00 | 400 | 11,570.01 – | 11,596.00 | 446 |
| 9,204.01 – | 9,230.00 | 355 | 10,400.01 – | 10,426.00 | 401 | 11,596.01 – | 11,622.00 | 447 |
| 9,230.01 – | 9,256.00 | 356 | 10,426.01 – | 10,452.00 | 402 | 11,622.01 – | 11,648.00 | 448 |
| 9,256.01 – | 9,282.00 | 357 | 10,452.01 – | 10,478.00 | 403 | 11,648.01 – | 11,674.00 | 449 |
| 9,282.01 – | 9,308.00 | 358 | 10,478.01 – | 10,504.00 | 404 | 11,674.01 – | ਅਤੇ ਇਸ ਤੋਂ ਵੱਧ | 450 |
| 9,308.01 – | 9,334.00 | 359 | 10,504.01 – | 10,530.00 | 405 | | | |
| 9,334.01 – | 9,360.00 | 360 | 10,530.01 – | 10,556.00 | 406 | | | |
| 9,360.01 – | 9,386.00 | 361 | 10,556.01 – | 10,582.00 | 407 | | | |

# ਮਦਦ ਕਿਵੇਂ ਪ੍ਰਾਪਤ ਕਰੀਏ

## ਔਨਲਾਈਨ

- EDD ਸੇਵਾਵਾਂ ਅਤੇ ਪ੍ਰੋਗਰਾਮਾਂ ਬਾਰੇ ਹੋਰ ਜਾਣਨ ਲਈ, ਔਨਲਾਈਨ EDD (edd.ca.gov) 'ਤੇ ਜਾਓ।
- ਸਾਨੂੰ ਕੋਈ ਸਵਾਲ ਪੁੱਛਣ ਲਈ, ਆਪਣੇ UI ਔਨਲਾਈਨ ਜਾਂ SDI ਖਾਤੇ ਤੱਕ ਪਹੁੰਚ ਕਰੋ Ask EDD (askedd.edd.ca.gov) 'ਤੇ ਜਾਓ।
- ਆਪਣਾ ਨੇੜਲਾ AJCC ਲੱਭਣ ਲਈ, ਔਨਲਾਈਨ Office Locator (edd.ca.gov/Office_Locator) 'ਤੇ ਜਾਓ।

## ਫ਼ੋਨ

ਸਾਡੇ ਸਾਰੇ ਫ਼ੋਨ ਨੰਬਰ ਟੋਲ ਫ੍ਰੀ ਹਨ। ਰਿਲੇ ਸੇਵਾ ਲਈ, ਓਪਰੇਟਰ ਨੂੰ ਹੇਠਾਂ ਦਿੱਤਿਆਂ ਵਿੱਚੋਂ ਕੋਈ ਨੰਬਰ ਦਿਓ।

### ਬੇਰੁਜ਼ਗਾਰੀ ਬੀਮਾ

ਰਾਜ ਦੀਆਂ ਛੁੱਟੀਆਂ ਨੂੰ ਛੱਡ ਕੇ, EDD ਸਟਾਫ਼ ਸੋਮਵਾਰ ਤੋਂ ਲੈ ਕੇ ਸ਼ੁੱਕਰਵਾਰ ਤੱਕ ਸਵੇਰੇ 8 ਵਜੇ ਤੋਂ ਲੈ ਕੇ ਦੁਪਹਿਰ 12 ਵਜੇ (ਪੈਸੀਫਿਕ ਟਾਈਮ) ਵਿਚਕਾਰ ਉਪਲਬਧ ਹੁੰਦਾ ਹੈ।

| | |
|---|---|
| English | 1-800-300-5616 |
| Spanish | 1-800-326-8937 |
| Cantonese | 1-800-547-3506 |
| Mandarin | 1-866-303-0706 |
| Vietnamese | 1-800-547-2058 |
| TTY | 1-800-815-9387 |

### ਵਿਕਲਾਂਗ ਬੀਮਾ

EDD ਸਟਾਫ਼ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰੇ 8 ਵਜੇ ਅਤੇ ਸ਼ਾਮ 5 ਵਜੇ ਦੇ ਵਿਚਕਾਰ ਉਪਲਬਧ ਹੁੰਦਾ ਹੈ। (ਪੈਸਿਫਿਕ ਸਮਾਂ), ਰਾਜ ਪੱਧਰੀ ਛੱਟੀਆਂ ਤੋਂ ਬਿਨਾਂ।

| | |
|---|---|
| English | 1-800-480-3287 |
| Spanish | 1-866-658-8846 |
| TTY | 1-800-563-2441 |

### ਪੇਡ ਫੈਮਿਲੀ ਲੀਵ

EDD ਸਟਾਫ਼ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰੇ 8 ਵਜੇ ਅਤੇ ਸ਼ਾਮ 5 ਵਜੇ ਦੇ ਵਿਚਕਾਰ ਉਪਲਬਧ ਹੁੰਦਾ ਹੈ। (ਪੈਸਿਫਿਕ ਸਮਾਂ), ਰਾਜ ਪੱਧਰੀ ਛੱਟੀਆਂ ਤੋਂ ਬਿਨਾਂ।

| | |
|---|---|
| English | 1-877-238-4373 |
| Spanish | 1-877-379-3819 |
| Armenian | 1-866-627-1567 |
| Cantonese | 1-866-692-5595 |
| Punjabi | 1-866-627-1568 |
| Tagalog | 1-866-627-1569 |
| Vietnamese | 1-866-692-5596 |
| TTY | 1-800-445-1312 |

**ਸਟੇਟ ਆਫ਼ ਕੈਲੀਫੋਰਨੀਆ**

**ਲੇਬਰ ਐਂਡ ਵਰਕਫੋਰਸ ਡਿਵੈਲਪਮੈਂਟ ਏਜੰਸੀ**

**ਇੰਪਲੋਇਮੈਂਟ ਡਿਵੈਲਪਮੈਂਟ ਡਿਪਾਰਟਮੈਂਟ**

ਇਹਤੁਹਾਡੇ *ਲਾਭ ਲਈ: ਬੇਰੁਜ਼ਗਾਰਾਂ ਲਈ ਕੈਲੀਫੋਰਨੀਆ ਦੇ ਪ੍ਰੋਗਰਾਮ* (DE 2320) ਪ੍ਰਕਾਸ਼ਨ Online Forms and Publications (forms.edd.ca.gov/forms) ‘ਤੇ ਜਾ ਕੇ ਦੇਖਿਆ ਜਾ ਸਕਦਾ ਹੈ, ਪ੍ਰਿੰਟ ਕੀਤਾ ਜਾ ਸਕਦਾ ਹੈ ਅਤੇ ਔਨਲਾਈਨ ਆਰਡਰ ਕੀਤਾ ਜਾ ਸਕਦਾ ਹੈ।

EDD ਇੱਕ ਬਰਾਬਰ ਮੌਕਾ ਮਾਲਕ/ਪ੍ਰੋਗਰਾਮ ਹੈ। ਵਿਕਲਾਂਗ ਵਿਅਕਤੀਆਂ ਦੀ ਬੇਨਤੀ 'ਤੇ ਸਹਾਇਕ ਸਹਾਇਤਾ ਅਤੇ ਸੇਵਾਵਾਂ ਉਪਲਬਧ ਹਨ।

ਬੇਦਾਅਵਾ: ਜੇਕਰ ਤੁਸੀਂ ਕਾਗਜ਼ੀ ਫਾਰਮ ਪ੍ਰਾਪਤ ਕਰਨ ਦਾ ਵਿਕਲਪ ਨਹੀਂ ਚੁਣਦੇ ਹੋ, ਤਾਂ ਵੀ EDD ਲਈ ਸੰਯੁਕਤ ਰਾਜ ਡਾਕ ਰਾਹੀਂ ਕੁੱਝ ਦਸਤਾਵੇਜ਼ ਭੇਜਣਾ ਜ਼ਰੂਰੀ ਹੋ ਸਕਦਾ ਹੈ।